MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 43 SATURDAY, 23 OCTOBER, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com




For All Kind of Real Estate Needs
ਕਾਲੀਅਤ, ਤਜ਼ੁਰਬਾ ਅਤੇ ਸਮਝਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

# ਉਘੇ ਡਿਵੈਲਪਰ ਮਨਜੀਤ ਲਿੱਟ ਨੇ ਆਪਣੇ ਜਨਮ ਦਿਨ ਮੌਕੇ ਵੱਖ-ਵੱਖ ਸੰਸਥਾਵਾਂ ਨੂੰ ਦਾਨ ਕੀਤੇ 4 ਲੱਖ ਡਾਲਰ

## ਸਰੀ ਵਿਚ ਜਨਮ ਦਿਨ ਸਮਾਗਮ ਦੌਰਾਨ ਪ੍ਰਮੁੱਖ ਹਸਤੀਆਂ ਨੇ ਕੀਤੀ ਸ਼ਮੂਲੀਅਤ

ਵੈਨਕੂਵਰ-ਉਘੇ ਪ੍ਰਾਪਰਟੀ ਡਿਵੈਲਪਰ ਮਨਜੀਤ ਲਿਟ ਬੀ ਸੀ ਦੇ ਵੱਖ ਵੱਖ ਹਸਪਤਾਲਾਂ ਤੇ ਚੈਰੀਟੇਬਲ ਸੁਸਾਇਟੀਆਂ ਲਈ ਖੁੱਲ੍ਹੇ ਦਿਲ ਨਾਲ ਦਾਨ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਨੇ ਹਾਲ ਵਿਚ ਆਪਣੀ 73ਵੇਂ ਜਨਮ ਦਿਨ 'ਤੇ 4 ਲੱਖ ਡਾਲਰ ਦਾਨ ਕੀਤੇ ਹਨ। ਜਲੰਧਰ ਨੇੜੇ ਛੋਟੇ ਜਿਹੇ ਪਿੰਡ ਵਿਚ ਜਨਮੇ ਮਨਜੀਤ ਲਿੱਟ ਨੇ ਲੰਡਨ ਜਾਣ ਦਾ ਸੁਪਨਾ ਦੇਖਿਆ । ਸੀਮਤ ਸਰੋਤ ਪਰ ਅਸੀਮਤ ਇੱਛਾਵਾਂ ਤੇ ਦ੍ਰਿੜ ਇਰਾਦੇ ਨਾਲ ਲਿੱਟ ਆਪਣੇ ਪਿਤਾ ਦੀਆਂ ਇੱਛਾਵਾਂ ਦੇ ਉਲਟ 1967 ਲੰਡਨ ਚਲੇ ਗਏ। ਉਨ੍ਹਾਂ ਦੇ ਪਿਤਾ ਚਾਹੁੰਦੇ ਸਨ ਕਿ ਉਹ ਇਥੇ ਰਹਿ ਕੇ ਆਪਣੇ ਦੇਸ਼ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਦੀ ਸੇਵਾ ਕਰਨ। ਉਹ ਆਪਣੇ ਨਿਸ਼ਾਨੇ ਪ੍ਰਤੀ ਸਪੱਸ਼ਟ ਸੀ ਕਿ ਜੇਕਰ ਉਸ ਕੋਲ ਪੈਸੇ ਹੋਣਗੇ ਤਾਂ ਹੀ ਸਮਾਜ ਦੀ ਬਿਹਤਰ ਸੇਵਾ ਕਰ ਸਕੇਗਾ। ਲੰਡਨ ਵਿਚ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਇਕ ਫੈਕਟਰੀ ਵਿਚ ਕੰਮ ਕਰਨਾ ਸ਼ੁਰੂ ਕਰਕੇ ਕੀਤੀ ਪਰ ਚੰਗੇ ਕਾਰੋਬਾਰ ਦੀ ਤਾਂਘ ਦਿਲ ਵਿਚ ਵੱਸੀ ਹੋਈ ਸੀ। ਲੰਡਨ ਦੀ ਸਾਊਥਹਾਲ ਮਾਰਕੀਟ ਵਿਚ ਕੋਨੇ 'ਤੇ ਇਕ ਛੋਟੀ ਜਿਹੀ ਦੁਕਾਨ ਨਾਲ ਕਾਰੋਬਾਰ ਸ਼ੁਰੂ ਕੀਤਾ। "ਪੰਜਾਬ ਲਿੰਕ" ਨਾਲ ਇਕ ਮੁਲਾਕਾਤ ਦੌਰਾਨ ਲਿੱਟ ਨੇ ਦੱਸਿਆ ਕਿ ਹੁਣ ਸਮਾਜ ਨੂੰ ਵਾਪਸ ਦੇਣ ਅਤੇ ਆਪਣੇ ਪਿਤਾ ਦੀ ਇੱਛਾ ਨੂੰ ਸਾਕਾਰ ਕਰਨ ਦਾ ਸਮਾਂ ਹੈ। ਉਨ੍ਹਾਂ ਦਾ ਕਹਿਣਾ ਕਿ ਸਿੱਖੀ ਸੰਸਕਾਰ ਸਾਰਿਆਂ ਨੂੰ ਸਮਾਜ ਦੀ ਸੇਵਾ ਕਰਨੀ ਸਿਖਾਉਂਦੇ ਹਨ। ਉਹ ਆਪਣੇ ਕੰਮ ਵਿਚ ਰੁਝਿਆ ਰਹਿੰਦਾ ਸੀ ਅਤੇ ਲੋਕਾਂ ਦੀ ਸੇਵਾ ਕਰਨ ਲਈ ਸਮਾਂ ਨਹੀਂ ਸੀ ਕੱਢ ਸਕਦਾ। ਉਸ ਨੇ ਮਨ ਬਣਾਇਆ ਕਿ ਉਹ ਯੋਗਦਾਨ ਪਾ ਸਕਦਾ ਹੈ। ਇਸੇ ਭਾਵਨਾ ਤਹਿਤ ਮੈਂ ਤੇ ਮੇਰੀ ਪਤਨੀ ਨੇ ਧਾਰਮਿਕ ਸੰਗਠਨਾਂ ਤੇ ਚੈਰੀਟੇਬਲ ਟਰੱਸਟਾਂ ਨੂੰ ਦਾਨ ਦੇਣਾ ਸ਼ੁਰੂ ਕੀਤਾ

*(ਬਾਕੀ ਸਫ਼ਾ 4 'ਤੇ)*

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
604-841-6333

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟਿਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca


Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa prime realty
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ
Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002



S T & A Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated
BBB ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 43 SATURDAY, 23 OCTOBER, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
1.00pm to 3:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਚੰਨੀ ਨੂੰ 2022 ਦੀਆਂ ਦੀਆਂ ਚੋਣਾਂ 'ਚ ਮੁੱਖ ਮੰਤਰੀ ਉਮੀਦਵਾਰ ਐਲਾਨੇ ਜਾਣ ਦੀ ਮੰਗ

### ਇਤਿਹਾਸਕ ਰਾਮ ਤੀਰਥ ਮੰਦਰ ਵਿਖੇ ਰਾਜ ਪੱਧਰੀ ਸਮਾਗਮ



ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਮੌਕੇ ਇੱਥੇ ਇਤਿਹਾਸਕ ਰਾਮ ਤੀਰਥ ਮੰਦਰ ਵਿਚ ਕੀਤੇ ਗਏ ਰਾਜ ਪੱਧਰੀ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇੱਥੇ 25 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਪੈਨੋਰਮਾ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਪੰਜ ਕਰੋੜ ਰੁਪਏ ਦੀ ਸਾਲਾਨਾ ਵਿੱਤੀ ਗ੍ਰਾਂਟ ਨਾਲ ਬਾਬਾ ਜੀਵਨ ਸਿੰਘ ਚੇਅਰ ਸਥਾਪਤ ਕਰਨ, ਭਗਵਾਨ ਵਾਲਮੀਕਿ ਚੇਅਰ ਲਈ ਹਰ ਸਾਲ ਬਜਟ ਵਿੱਚੋਂ (ਬਾਕੀ ਸਫ਼ਾ 8 'ਤੇ)

# ਪੰਜਾਬ ਸਰਕਾਰ ਵੱਲੋਂ ਸਿੰਘੂ ਬਾਰਡਰ ਤੇ ਬੇਰਹਿਮੀ ਨਾਲ ਹੱਤਿਆ ਮਾਮਲੇ ਦੀ ਜਾਂਚ ਸਿਟ ਦੇ ਹਵਾਲੇ



ਏ.ਡੀ.ਜੀ.ਪੀ. ਵਰਿੰਦਰ ਕੁਮਾਰ | ਡੀ.ਆਈ.ਜੀ. ਇੰਦਰਬੀਰ ਸਿੰਘ | ਐੱਸ.ਐੱਸ.ਪੀ. ਹਰਵਿੰਦਰ ਸਿੰਘ ਵਿਰਕ

ਚੰਡੀਗੜ੍ਹ-ਪੰਜਾਬ ਪੁਲੀਸ ਨੇ ਸਿੰਘੂ ਬਾਰਡਰ 'ਤੇ ਬੇਰਹਿਮੀ ਨਾਲ ਕਤਲ ਕੀਤੇ ਗਏ ਲਖਬੀਰ ਸਿੰਘ ਦੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਹੈ। ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਨਿਰਦੇਸ਼ਾਂ 'ਤੇ ਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਨੇ ਇਹ ਕਦਮ ਉਠਾਇਆ ਹੈ। ਲਖਬੀਰ ਸਿੰਘ ਦੀ ਭੈਣ ਵੱਲੋਂ ਦਿੱਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਸਰਕਾਰ ਨੇ ਸਿਟ ਬਣਾਈ ਹੈ। ਡੀਜੀਪੀ ਨੇ ਏਡੀਜੀਪੀ ਕਮ ਡਾਇਰੈਕਟਰ ਬਿਊਰੋ ਆਫ਼ ਇਨਵੈਸਟੀਗੇਸ਼ਨ ਵਰਿੰਦਰ ਕੁਮਾਰ ਦੀ ਅਗਵਾਈ ਹੇਠ ਸਿਟ ਦਾ ਗਠਨ ਕੀਤਾ ਹੈ ਜਿਸ 'ਚ ਫਿਰੋਜ਼ਪੁਰ ਰੇਂਜ ਦੇ ਡੀਆਈਜੀ ਇੰਦਰਬੀਰ ਸਿੰਘ ਅਤੇ ਤਰਨ ਤਾਰਨ ਦੇ ਐੱਸਐੱਸਪੀ ਹਰਵਿੰਦਰ ਸਿੰਘ ਵਿਰਕ ਮੈਂਬਰ ਹੋਣਗੇ। ਪੰਜਾਬ ਪੁਲੀਸ ਨੇ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਸਬੰਧੀ ਤੱਥ ਵੀ ਇਕੱਤਰ ਕਰਨੇ ਸ਼ੁਰੂ ਕਰ ਦਿੱਤੇ ਹਨ। ਪੁਲੀਸ ਵੱਲੋਂ ਨਿਹੰਗਾਂ ਦੇ ਪਿਛੋਕੜ ਅਤੇ ਹੋਰ ਮਾਮਲਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਪੁਲੀਸ ਵੱਲੋਂ ਪੁਲੀਸ ਕੈਟ ਗੁਰਮੀਤ ਸਿੰਘ ਪਿੰਕੀ ਅਤੇ ਨਿਹੰਗ ਅਮਨ ਸਿੰਘ ਦੇ ਸਬੰਧਾਂ ਬਾਰੇ ਵੀ ਪੜਤਾਲ ਕੀਤੀ ਜਾ ਰਹੀ ਹੈ। ਜ਼ਿਲ੍ਹਾ ਤਰਨ ਤਾਰਨ ਦੇ ਕਸੇਲ ਵਾਸੀ ਰਾਜ ਕੌਰ (ਇਸ ਵੇਲੇ ਚੀਮਾ ਕਲਾਂ ਦੀ ਵਸਨੀਕ) ਨੇ ਦੋਸ਼ ਲਾਇਆ ਸੀ ਕਿ ਉਸ ਦੇ ਭਰਾ ਲਖਬੀਰ ਸਿੰਘ ਨੂੰ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਭਰਮਾ ਕੇ ਸਿੰਘੂ ਬਾਰਡਰ ਲਿਜਾਇਆ ਗਿਆ, ਜਿੱਥੇ ਕੁਝ ਨਿਹੰਗ ਸਿੰਘਾਂ ਨੇ 15

# ਸਰਕਾਰ ਤਿੰਨ ਖੇਤੀ ਕਨੂੰਨ ਰੱਦ ਕਰੇ ਤਾਂ ਭਾਜਪਾ ਨਾਲ ਹੱਥ ਮਿਲਾਉਣਾ ਗਲਤ ਨਹੀਂ-ਕੈਪਟਨ



ਚੰਡੀਗੜ੍ਹ-ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਅੱਡ ਹੋਏ ਢੀਂਡਸਾ ਤੇ ਬ੍ਰਹਮਪੁਰਾ ਧੜਿਆਂ ਨਾਲ ਮਿਲ ਕੇ ਜਲਦੀ ਹੀ ਨਵੀਂ ਸਿਆਸੀ ਪਾਰਟੀ ਬਣਾਉਣ ਦੇ ਐਲਾਨ ਕਰਕੇ 'ਕਾਂਗਰਸ' ਦੇ ਨਿਸ਼ਾਨੇ 'ਤੇ ਆਏ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਕਿ ਕੇਂਦਰ ਸਰਕਾਰ ਜੇਕਰ ਤਿੰਨੇ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਲੈਂਦੀ ਹੈ ਤਾਂ ਭਾਜਪਾ ਨਾਲ ਹੱਥ ਮਿਲਾਉਣ ਵਿੱਚ ਕੁਝ ਵੀ ਗ਼ਲਤ ਨਹੀਂ ਹੈ। ਕੈਪਟਨ ਨੇ ਕਿਹਾ ਕਿ ਉਨ੍ਹਾਂ ਦਾ ਜਾਨਸ਼ੀਨ ਚਰਨਜੀਤ ਸਿੰਘ ਚੰਨੀ ਚੰਗਾ ਬੰਦਾ ਹੈ ਤੇ ਉਹ ਸਿਰਫ਼ ਪੰਜਾਬ ਕਾਂਗਰਸ ਦੇ ਨਵੇਂ ਥਾਪੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਵਿਰੋਧ ਕਰਦੇ ਹਨ। (ਬਾਕੀ ਸਫ਼ਾ 8 'ਤੇ)

## ਮੁੰਬਈ ਦੀ ਵਿਸ਼ੇਸ਼ ਅਦਾਲਤ ਵੱਲੋਂ ਸ਼ਾਹਰੁਖ ਖਾਨ ਦੇ ਪੁੱਤਰ ਆਰੀਅਨ ਖਾਨ ਨੂੰ ਜ਼ਮਾਨਤ ਦੇਣ ਤੋ ਨਾਂਹ



ਮੁੰਬਈ-ਮੁੰਬਈ ਦੀ ਵਿਸ਼ੇਸ਼ ਕੋਰਟ ਨੇ ਬੌਲੀਵੁਡ ਦੇ ਸੁਪਰਸਟਾਰ ਸ਼ਾਹਰੁਖ ਖ਼ਾਨ ਦੇ ਪੁੱਤਰ ਆਰੀਅਨ ਖ਼ਾਨ ਤੇ ਦੋ ਹੋਰਨਾਂ ਨੂੰ ਮੁੰਬਈ ਦੇ ਸਾਹਿਲ 'ਤੇ ਕਰੂਜ਼ ਜਹਾਜ਼ 'ਚੋਂ ਬਰਾਮਦ ਨਸ਼ਿਆਂ ਦੇ ਕੇਸ ਵਿੱਚ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਨਾਰਕੋਟਿਕਸ ਡਰੱਗਜ਼ ਤੇ ਸਾਈਕੋਟਰੋਪਿਕ ਸਬਸਟਾਂਸਿਜ਼ (ਬਾਕੀ ਸਫ਼ਾ 8 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services



ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca









# ਮਨਜੀਤ ਲਿੱਟ ਵੱਲੋਂ ਜਨਮ ਦਿਨ ਮੌਕੇ 4 ਲੱਖ ਡਾਲਰ ਭੇਟ

ਸਫ਼ਾ 1 ਦੀ ਬਾਕੀ

ਅਤੇ ਮੁੜ ਕੇ ਪਿੱਛੇ ਨਹੀਂ ਦੇਖਿਆ। 2003 ਵਿਚ ਲੰਡਨ ਵਿਚ ਸਭ ਤੋਂ ਵੱਡੇ ਗੁਰਦੁਆਰੇ ਦੀ ਉਸਾਰੀ ਅਤੇ ਲੰਡਨ ਦੇ ਪ੍ਰਸਿੱਧ ਧਾਰਮਿਕ




ਤੇ ਚੈਰੀਟੇਬਲ ਪ੍ਰਾਜੈਕਟਾਂ ਦੀ ਮਦਦ ਕਰਨ ਤੇ ਸੇਵਾ ਲਈ ਮਹੱਤਵਪੂਰਣ ਯੋਗਦਾਨ ਪਾਇਆ।

ਉਹ ਦਸਦੇ ਹਨ ਕਿ 2010 ਵਿਚ ਕੈਨੇਡਾ ਦੀ ਰੀਅਲ ਅਸਟੇਟ ਮਾਰਕੀਟ ਸਮਰੱਥਾ ਦਾ ਲਾਭ ਲੈਣ ਲਈ ਕੈਨੇਡਾ ਨੂੰ ਚਾਲੇ ਪਾ ਦਿੱਤੇ। ਮੌਜੂਦਾ ਸਮੇਂ ਉਹ ਲੋਅਰ ਮੇਨਲੈਂਡ ਵਿਚ ਪ੍ਰਾਪਰਟੀ ਡਿਵੈਲਪਮੈਂਟ ਕੰਪਨੀ ਲਿਟਕੋ ਇਨਵੈਸਟਮੈਂਟਸ ਕਾਰਪੋਰੇਸ਼ਨ ਦਾ ਮਾਲਕ ਹੈ। ਲਿਟ ਨੇ ਬੀ ਸੀ ਕੈਂਸਰ ਸੁਸਾਇਟੀ, ਗਲੋਬਲ ਵਿਲੇਜ ਫਾਊਂਡੇਸ਼ਨ ਤੇ ਕਿਡਜ਼ ਪਲੇ ਫਾਊਂਡੇਸ਼ਨ ਸਮੇਤ ਕਈ ਸੁਸਾਇਟੀਆਂ ਦੀ ਸਾਲਾਂ ਤੋਂ ਸਹਾਇਤਾ ਕੀਤੀ ਹੈ। ਹਾਲ ਹੀ ਵਿਚ ਉਨ੍ਹਾਂ ਨੇ ਚਾਰ ਵੱਖ- ਵੱਖ ਹਸਪਤਾਲਾਂ ਤੇ ਸੰਗਠਨਾਂ ਨੂੰ 4 ਲੱਖ ਡਾਲਰ ਦਾਨ ਕੀਤੇ ਹਨ। ਉਨ੍ਹਾਂ ਨੇ ਆਪਣੇ 73ਵੇਂ ਜਨਮ ਦਿਨ 'ਤੇ ਪੀਸ ਆਰਚ ਹੌਸਪੀਟਲ ਫਾਉਂਡੇਸ਼ਨ, ਸਰੀ ਮੈਮੋਰੀਅਲ ਹਸਪਤਾਲ ਫਾਉਂਡੇਸ਼ਨ, ਬੀ ਸੀ ਚਿਲਡਰਨ ਹਸਪਤਾਲ ਫਾਉਂਡੇਸ਼ਨ ਅਤੇ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਲਈ ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸ ਸੁਸਾਇਟੀ (ਪਿਕਸ ) ਨੂੰ ਇਕ-ਇਕ ਲੱਖ ਡਾਲਰ ਦਾਨ ਵਜੋ ਪ੍ਰਦਾਨ ਕੀਤੇ ਹਨ। ਜਦੋਂ ਇਹ ਪੁੱਛਿਆ ਗਿਆ ਕਿ ਹਸਪਤਾਲਾਂ ਨੂੰ ਦਾਨ ਦੇਣ ਲਈ ਉਨ੍ਹਾਂ ਨੂੰ ਕਿਹੜੀ ਚੀਜ਼ ਨੇ ਪ੍ਰੇਰਿਤ ਕੀਤਾ ਤਾਂ ਲਿੱਟ ਨੇ ਦੱਸਿਆ ਕਿ ਕੋਵਿਡ ਮਹਾਂਮਾਰੀ। ਮੈਂ ਪਿਛਲੇ ਸਾਲ ਕੋਵਿਡ ਬਿਮਾਰੀ ਦੇ ਸਿਖਰ 'ਤੇ ਹੋਣ ਸਮੇਂ ਵਿਸ਼ਵ ਭਰ ਦੀਆਂ ਖ਼ਬਰਾਂ ਸੁਣ ਰਿਹਾ ਸੀ ਅਤੇ ਮਹਿਸੂਸ ਕੀਤਾ ਕਿ ਬਹੁਤ ਸਾਰੇ ਲੋਕ ਐਂਬੂਲੈਂਸਾਂ, ਹਸਪਤਾਲ ਬੈੱਡ, ਆਕਸੀਜਨ ਸਿਲੰਡਰ ਤੇ ਕਈ ਹੋਰ ਲੋੜੀਂਦੀਆਂ ਚੀਜ਼ਾਂ, ਦਾਨ ਕਰ ਰਹੇ ਹਨ । ਇਸ ਗੱਲ ਨੇ ਉਨ੍ਹਾਂ ਨੂੰ ਸਰੀ ਮੈਮੋਰੀਅਲ ਹਸਪਤਾਲ, ਪੀਸ ਆਰਚ ਹਸਪਤਾਲ ਵਰਗੇ ਸਥਾਨਕ ਸੰਗਠਨਾਂ ਦੀ ਮਦਦ ਲਈ ਪ੍ਰੇਰਿਤ ਕੀਤਾ। ਉਹ ਸਥਾਨਕ ਭਾਈਚਾਰੇ ਨੂੰ ਚੰਗੇ ਕੰਮਾਂ ਲਈ ਦਾਨ ਕਰਨ ਵਿਚ ਹੋਰ ਲੋਕਾਂ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਅਸੀਂ ਪਿਛਲੇ ਸਾਲਾਂ ਵਿਚ ਲੱਖਾਂ ਡਾਲਰ ਇਕੱਤਰ ਕੀਤੇ ਹਨ। ਪਿਕਸ ਨੂੰ ਦਾਨ ਦੇਣ ਲਈ ਇਸ ਲਈ ਚੋਣ ਕੀਤੀ ਗਈ ਕਿਉਂਕਿ ਉਹ 125 ਬੈੱਡਰੂਮ ਸੀਨੀਅਰ ਹੋਮ ਨਾਲ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਦੀ ਉਸਾਰੀ ਕਰ ਰਹੇ ਹਨ। ਪਿਛਲੇ ਸਾਲ ਲਿੱਟ ਨੇ ਪੀਸ ਆਰਚ ਹਸਪਤਾਲ ਲਈ ਇਕ ਵਿਸ਼ੇਸ਼ ਕਲੀਨਿੰਗ ਰੋਬੋਟ ਖਰੀਦਣ ਲਈ ਫੰਡ ਇਕੱਠਾ ਕਰਨ ਵਿਚ ਮਦਦ ਕੀਤੀ ਸੀ। ਇਸ ਸਾਲ ਪੀਸ ਆਰਚ ਹਸਪਤਾਲ ਦਾ ਦਾਨ ਮੈਂਟਲ ਸਿਹਤ ਸੇਵਾਵਾਂ ਲਈ ਰੱਖਿਆ ਗਿਆ ਹੈ। ਲਿੱਟ ਦਾ ਵਿਚਾਰ ਹੈ ਕਿ ਹੁਣ ਸਮਾਂ ਹੈ ਕਿ ਅਸੀਂ ਸਕੂਲਾਂ ਤੇ ਹਸਪਤਾਲਾਂ ਲਈ ਥੋੜਾ ਬਹੁਤ ਯੋਗਦਾਨ ਪਾਈਏ। ਇਹ ਉਹ ਥਾਵਾਂ ਹਨ ਜਿਥੇ ਤੁਸੀਂ ਸਮਾਜ ਵਿਚ ਸਿੱਧਾ ਪ੍ਰਭਾਵ ਪਾ ਸਕਦੇ ਹੋ। ਲਿੱਟ ਜਿਸ ਨੇ ਆਪਣੀ ਜ਼ਿੰਦਗੀ ਵਿਚ



ਬਹੁਤ ਸਾਰੇ ਉਤਰਾਅ-ਚੜ੍ਹਾਅ ਦੇਖੇ ਹਨ ਮਹਿਸੂਸ ਕਰਦੇ ਹਨ ਕਿ ਸਮਾਜ ਦੀ ਸੇਵਾ ਨਾਲ ਹੀ ਉਹ ਔਖੇ ਸਮਿਆਂ ਵਿਚ ਕਾਇਮ ਰਿਹਾ ਹੈ। ਉਹਨਾਂ ਨੂੰ ਕੁਝ ਸਾਲ ਪਹਿਲਾਂ ਆਪਣੀ ਪਤਨੀ ਦਾ ਸਦੀਵੀ ਵਿਛੋੜਾ ਸਹਿਣ ਕਰਨਾ ਪਿਆ ਹੈ। ਇਹ ਉਹਨਾਂ ਲਈ ਔਖਾ ਸਮਾਂ ਸੀ। ਉਹ ਡਿਪਰੈਸ਼ਨ ਵਿਚ ਜਾ ਸਕਦਾ ਸੀ ਪਰ ਭਾਈਚਾਰੇ ਦੀ ਸੇਵਾ ਨੇ ਨਿੱਜੀ ਤੇ ਕਾਰੋਬਾਰੀ ਚੁਣੌਤੀ ਵਿਚ ਹਰ ਸਮੇਂ ਅਡੋਲ ਰੱਖਿਆ।

## ਪ੍ਰਾਪਰਟੀ ਖਰੀਦਣ ਲਈ ਕਦੇ ਵੀ ਮਾੜਾ ਸਮਾਂ ਨਹੀਂ ਹੁੰਦਾ-ਮਨਜੀਤ ਲਿਟ

ਬੀ. ਸੀ. ਰੀਅਲ ਅਸਟੇਟ ਮਾਰਕੀਟ ਦੇ ਭਵਿੱਖ ਬਾਰੇ ਲਾਏ ਜਾ ਰਹੇ ਅਟਕਲ ਪੱਚੂਆਂ ਸਬੰਧੀ ਉਨ੍ਹਾਂ ਦੀ ਸਲਾਹ ਪੁੱਛ ਜਾਣ 'ਤੇ ਲਿੱਟ ਨੇ ਕਿਹਾ ਕਿ ਪ੍ਰਾਪਰਟੀ ਖਰੀਦਣ ਲਈ ਕਦੇ ਵੀ ਸਮਾਂ ਮਾੜਾ ਨਹੀਂ ਹੁੰਦਾ। ਕਈ ਲੋਕ ਸੋਚਦੇ ਹਨ ਕਿ ਵੈਨਕੂਵਰ ਹਾਊਸਿੰਗ ਮਾਰਕੀਟ ਦਾ ਬੁਲਬੁਲਾ ਛੇਤੀ ਫਟ ਜਾਵੇਗਾ ਪਰ ਉਨ੍ਹਾਂ ਨੂੰ ਅਜਿਹਾ ਹੁੰਦਾ ਨਹੀਂ ਲੱਗਦਾ। ਮੰਗ ਜ਼ਿਆਦਾ ਹੈ ਪਰ ਸਪਲਾਈ ਘੱਟ ਹੈ। ਇਹ ਉਸ ਸਮੇਂ ਹੈ ਜਦੋਂ ਵਿਆਜ ਦਰਾਂ ਵਧ ਰਹੀਆਂ ਹਨ, ਮਾਰਕੀਟ ਗਤੀ ਧੀਮੀ ਤਾਂ ਹੋ ਸਕਦੀ ਹੈ ਪਰ ਇਸ ਦੇ ਕਰੈਸ਼ ਹੋਣ ਦੀ ਸੰਭਾਵਨਾ ਨਹੀਂ। ਕਿਰਾਇਆ ਦੇਣ ਨਾਲੋਂ ਆਪਣੀ ਪ੍ਰਾਪਰਟੀ ਹੋਣੀ ਹਮੇਸ਼ਾ ਬਿਹਤਰ ਹੁੰਦਾ ਹੈ। ਇਸ ਲਈ ਸ਼ੁਰੂਆਤ ਕਰੋ ਭਾਵੇਂ ਇਹ ਛੋਟਾ ਕੌਂਡੋ ਹੀ ਹੋਵੇ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
Raj Gill has
"NO STRESS MORTGAGE"


RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions appy.
SHARNJIT GILL, AMP
604 507 1000
SURREY
Unit 244 8138 128 St
www.quickapproval.ca

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |


*RATES SUBJECT TO CHANGE WITHOUT ANY NOTICE
HOUSE INSURANCE
UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਕੰਸਰਵੇਟਿਵ ਵਲੋਂ ਹਾਊਸ ਆਫ ਕਾਮਨਜ਼ ਲਈ ਨਵੀਂ ਲਾਜ਼ਮੀ ਟੀਕਾਕਰਣ ਨੀਤੀ ਦਾ ਵਿਰੋਧ

ਵਾ-ਕੰਸਰਵੇਟਿਵ ਪਾਰਟੀ ਹਾਊਸ ਆਫ ਕਾਮਨਜ਼ ਲਈ ਲਾਜ਼ਮੀ ਟੀਕਾਕਰਣ ਨੀਤੀ ਦਾ ਵਿਰੋਧ ਕਰ ਰਹੀ ਹੈ ਜਿਸ ਦਾ ਐਮ ਪੀਜ਼ ਦੇ ਆਲ ਪਾਰਟੀ ਬੋਰਡ ਨੇ ਇਸ ਹਫ਼ਤੇ ਐਲਾਨ ਕੀਤਾ ਸੀ। ਲਿਬਰਲ, ਬਲਾਕ ਕਿਊਬੈਕਾ ਅਤੇ ਐਨਡੀਪੀ ਨੇ ਐਮ ਪੀਜ਼ ਜਿਹੜੇ ਹਾਊਸ ਦੇ ਖੇਤਰ ਵਿਚ ਦਾਖਲ ਹੋਣਗੇ ਸਮੇਤ ਹਰ ਇਕ ਲਈ ਲਾਜ਼ਮੀ ਟੀਕਾਕਰਣ ਦਾ ਸਮਰਥਨ ਕੀਤਾ ਹੈ। ਬੋਰਡ ਨੇ ਕੰਸਰਵੇਟਿਵ ਪਾਰਟੀ ਦੇ ਇਤਰਾਜ਼ਾਂ ਨੂੰ ਲੈ ਕੇ ਬੰਦ ਕਮਰਾ ਮੀਟਿੰਗ ਵਿਚ ਫ਼ੈਸਲੇ ਦਾ ਐਲਾਨ ਕੀਤਾ। ਹਾਊਸ ਦੇ ਖੇਤਰ ਵਿਚ ਕਾਮਨਜ਼ ਚੈਂਬਰ, ਕਮੇਟੀ ਰੂਮਜ਼ ਅਤੇ ਐਮਪੀਜ਼ ਦਫ਼ਤਰ ਸ਼ਾਮਿਲ ਹਨ। ਬੋਰਡ ਦੇ ਮੈਂਬਰ ਤੇ ਕੰਸਰਵੇਟਿਵ ਦੇ ਵਿਪ ਬਲੇਕ ਰਿਚਰਡ ਨੇ ਕਿਹਾ ਕਿ ਜੋ ਕੁਝ ਬੰਦ ਕਮਰਾ ਮੀਟਿੰਗ ਵਿਚ ਵਾਪਰਿਆ ਹੈ ਉਸ ਬਾਰੇ ਚਰਚਾ ਨਹੀਂ ਕਰ ਸਕਦਾ ਪਰ ਉਹ ਕਹਿਣਗੇ ਕਿ ਅਸੀਂ ਹਮੇਸ਼ਾ ਕਹਿੰਦੇ ਹਾਂ ਕਿ ਮਹਾਂਮਾਰੀ ਤੋਂ ਬਾਹਰ ਆਉਣ ਲਈ ਟੀਕੇ ਬਹੁਤ ਮਹੱਤਵਪੂਰਣ ਸਾਧਨ ਹੈ। ਜਿਵੇਂ ਅਸੀਂ ਚੋਣ ਪ੍ਰਚਾਰ ਦੌਰਾਨ ਕਿਹਾ ਕਿ ਕੰਮ ਵਾਲੀ ਥਾਂ ਵਿਖੇ ਸਿਹਤ ਤੇ ਸੁਰੱਖਿਆ ਨੂੰ ਟੀਕਾਕਰਣ ਜਾਂ ਤਾਜ਼ਾ ਨੈਗੇਟਿਵ ਰੈਪਿਡ ਟੈਸਟ ਨਤੀਜੇ ਦੇ ਪ੍ਰਦਰਸ਼ਨ ਨਾਲ ਯਕੀਨੀ ਬਣਾਇਆ ਜਾ ਸਕਦਾ ਹੈ। ਅਸੀਂ ਤਾਂ ਹਰ ਇਕ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਜਿਹੜਾ ਵੀ ਟੀਕਾ ਲਗਵਾ ਸਕਦਾ ਹੈ ਜ਼ਰੂਰ ਲਗਵਾਉਣਾ ਚਾਹੀਦਾ ਹੈ ਪਰ ਗੁਪਤ ਰੂਪ ਵਿਚ ਹੋਈ 7 ਐਮ



ਪੀਜ਼ ਦੀ ਮੀਟਿੰਗ ਨਾਲ ਸਹਿਮਤ ਨਹੀਂ ਹੋ ਸਕਦੇ ਜਿਹੜੇ ਇਹ ਫ਼ੈਸਲਾ ਕਰਨ ਕਿ 338 ਐਮ ਪੀਜ਼ ਜਿਨ੍ਹਾਂ ਨੂੰ ਹਾਲ ਹੀ ਵਿਚ ਕੈਨੇਡੀਅਨਾਂ ਨੇ ਚੁਣਿਆ ਹੈ ਵਿਚੋਂ ਕਿਹੜੇ ਆਪਣੇ ਵੋਟਰਾਂ ਦੀ ਪ੍ਰਤੀਨਿਧਤਾ ਕਰਨ ਲਈ ਹਾਊਸ ਆਫ ਕਾਮਨਜ਼ ਵਿਚ ਦਾਖਲ ਹੋ ਸਕਦੇ ਹਨ। ਸਤੰਬਰ ਮਹੀਨੇ ਹੋਈਆਂ ਫੈਡਰਲ ਚੋਣਾਂ ਵਿਚ ਕੰਸਰਵੇਟਿਵ ਪਾਰਟੀ ਦੇ 119 ਐਮਪੀਜ਼ ਚੁਣੇ ਗਏ ਸਨ ਅਤੇ ਉਹ ਲਗਾਤਾਰ ਹਾਊਸ ਵਿਚ ਵਿਰੋਧੀ ਧਿਰ ਬਣੀ ਹੋਈ ਹੈ। ਨਵੀਂ ਨੀਤੀ ਉਸ ਸਮੇਂ ਲਾਗੂ ਹੋਵੇਗੀ ਜਦੋਂ 22 ਨਵੰਬਰ ਨੂੰ ਪਾਰਲੀਮੈਂਟ ਦਾ ਨਵਾਂ ਇਜਲਾਸ ਸ਼ੁਰੂ ਹੋਵੇਗਾ। ਐਰਿਨ ਓਟੂਲ ਨੂੰ ਆਪਣੇ ਟੀਕਾਰਹਿਤ ਐਮਪੀਜ਼ ਲਈ ਟੈਲੀਵਾਈਜ਼ਡ ਹਾਈਬ੍ਰਿਡ ਪਾਰਲੀਮੈਂਟ ਦੇ ਸੰਭਾਵਤ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

### ਟਰੂਡੋ ਦੀ ਓਟੂਲ ਨਾਲ ਮੀਟਿੰਗ

ਵਿਰੋਧੀ ਧਿਰ ਦੇ ਨੇਤਾਵਾਂ ਨਾਲ ਮੀਟਿੰਗਾਂ ਦੇ ਹਿੱਸੇ ਵਜੋਂ ਟਰੂਡੋ ਨੇ ਕੰਸਰਵੇਟਿਵ ਨੇਤਾ ਐਰਿਨ ਓਟੂਲ ਨਾਲ ਨਿੱਜੀ ਰੂਪ ਵਿਚ ਗੱਲਬਾਤ ਕੀਤੀ। ਓਟੂਲ ਦਾ ਉਦੇਸ਼ ਮੀਟਿੰਗ ਨੂੰ ਆਰਥਿਕ ਨੀਤੀ, ਮਹਿੰਗਾਈ ਅਤੇ ਕੈਨੇਡਾ ਰਿਕਵਰੀ ਬੈਨੀਫਿਟ ਵਰਗੇ ਸਹਾਇਤਾ ਪ੍ਰੋਗਰਾਮਾਂ 'ਤੇ ਕੇਂਦਰਿਤ ਰੱਖਣਾ ਸੀ। ਸਾਰੇ ਸਹਾਇਤਾ ਪ੍ਰੋਗਰਾਮ 23 ਅਕਤੂਬਰ ਨੂੰ ਖਤਮ ਹੋ ਰਹੇ ਹਨ। ਕੈਬਨਿਟ ਕੋਲ ਉਨ੍ਹਾਂ ਨੂੰ 20 ਨਵੰਬਰ ਤਕ ਵਧਾਉਣ ਦਾ ਅਧਿਕਾਰ ਹੈ ਪਰ ਉਸ ਤੋਂ ਅੱਗੇ ਹੋਰ ਵਾਧੇ ਲਈ ਸੰਸਦ ਦੀ ਪ੍ਰਵਾਨਗੀ ਲੈਣੀ ਪਵੇਗੀ। ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਕਿਹਾ ਕਿ ਇਨ੍ਹਾਂ ਲਾਭਾਂ ਦੇ ਭਵਿੱਖ ਬਾਰੇ ਐਲਾਨ ਛੇਤੀ ਕੀਤਾ ਜਾਵੇਗਾ।

## ਬਿਲਕੁਲ ਸਹੀ ਫ਼ੈਸਲਾ- ਜਗਮੀਤ ਸਿੰਘ



ਐਨਡੀਪੀ ਨੇਤਾ ਜਗਮੀਤ ਸਿੰਘ ਨੇ ਲਾਜ਼ਮੀ ਟੀਕਾਕਰਣ ਦੇ ਮੁੱਦੇ 'ਤੇ ਕਿਹਾ ਕਿ ਬੋਰਡ ਨੇ ਐਮਪੀਜ਼ ਲਈ ਲਾਜ਼ਮੀ ਟੀਕਾਕਰਣ ਬਾਰੇ ਸਹੀ ਫ਼ੈਸਲਾ ਲਿਆ ਹੈ। ਉਨ੍ਹਾਂ ਨੇ ਜਸਟਿਨ ਟਰੂਡੋ ਨਾਲ ਆਪਣੀ ਕਾਨਫਰੰਸ ਕਾਲ ਮੀਟਿੰਗ ਪਿੱਛੋਂ ਕਿਹਾ ਕਿ ਉਨ੍ਹਾਂ ਨੂੰ ਸਮਝ ਨਹੀਂ ਲਗਦੀ ਕਿ ਕੰਸਰਵੇਟਿਵਸ ਕਿਉਂ ਵਿਰੋਧ ਕਰ ਰਹੇ ਹਨ। ਚੁਣੇ ਹੋਏ ਨੇਤਾਵਾਂ ਵਜੋਂ ਸਾਨੂੰ ਅਗਵਾਈ ਕਰਨ ਦੀ ਲੋੜ ਹੈ।

# ਸਰਕਾਰ ਅਤੇ ਮੂਲ ਵਾਸੀ ਲੋਕਾਂ ਵਿਚਕਾਰ ਇਕ ਪੁੱਲ ਵਜੋਂ ਆਪਣੇ ਆਪ ਨੂੰ ਦੇਖਦੀ ਹੈ ਗਵਰਨਰ ਜਨਰਲ ਮੈਰੀ ਸਾਈਮਨ

ਓਟਵਾ-ਕੈਨੇਡਾ ਦੀ ਪਹਿਲੀ ਮੂਲ ਵਾਸੀ ਗਵਰਨਰ ਜਨਰਲ ਵਜੋਂ ਮੈਰੀ ਮੇਅ ਸਾਈਮਨ ਦਾ ਕਹਿਣਾ ਕਿ ਉਸ ਦੀ ਭੂਮਿਕਾ ਵਿਚ ਸਰਕਾਰਾਂ ਅਤੇ ਮੂਲ ਵਾਸੀ ਕਮਿਊਨਿਟੀਸ ਵਿਚਕਾਰ ਸਮਝ ਵਿਚ ਪਾੜੇ ਨੂੰ ਭਰਨਾ ਸ਼ਾਮਿਲ ਹੈ। ਜਰਮਨੀ ਦੇ ਆਪਣੇ ਪਹਿਲੇ ਅੰਤਰਰਾਸ਼ਟਰੀ ਦੌਰੇ ਦੌਰਾਨ ਸੀਟੀਵੀ ਨੈਸ਼ਨਲ ਨਿਊਜ਼ ਨਾਲ ਇਕ ਮੁਲਾਕਾਤ ਵਿਚ ਮੇਅ ਸਾਈਮਨ ਨੇ ਕਿਹਾ ਕਿ ਸੁਲ੍ਹਾ-ਸਫਾਈ ਦਾ ਰਾਹ ਮੁਸ਼ਕਿਲ ਵਾਲਾ ਹੈ ਪਰ ਗੱਲਬਾਤ ਮਹੱਤਵਪੂਰਣ ਹੈ। ਮੇਰਾ ਖਿਆਲ ਹੈ ਕਿ ਭੂਮਿਕਾ ਬਹੁਤ ਮਹੱਤਵਪੂਰਣ ਹੈ ਕਿਉਂਕਿ ਸੂਝਬੂਝ ਤੇ ਲੋੜੀਂਦੇ ਕੰਮਾਂ ਤੋਂ ਬਿਨਾਂ ਰੀਕੌਂਸੀਲੀਏਸ਼ਨ ਦੀ ਪ੍ਰਕਿਰਿਆ ਬਹੁਤ ਹੌਲੀ ਹੋਵੇਗੀ। ਇਹ ਜੀਵਨ ਭਰ ਦੀ ਪ੍ਰਕਿਰਿਆ ਹੈ ਪਰ ਸਾਨੂੰ ਇਸ ਨੂੰ ਉਨ੍ਹਾਂ ਲੋਕਾਂ ਦਾ ਨਿਰਾਦਰ ਕੀਤੇ ਬਿਨ੍ਹਾਂ ਥੋੜਾ ਤੇਜ਼ ਕਰਨਾ ਪਵੇਗਾ ਜਿਨ੍ਹਾਂ ਨੇ ਨੁਕਸਾਨ ਪਹੁੰਚਾਇਆ ਹੈ। ਮੇਅ ਸਾਈਮਨ ਨੇ ਕਿਹਾ ਕਿ ਉਹ ਆਪਣੀ



ਵਿਰਾਸਤ ਨੂੰ ਲੰਬੇ ਸਮੇਂ ਤਕ ਰੱਖਣ ਦਾ ਇਰਾਦਾ ਰੱਖਦੀ ਹੈ ਅਤੇ ਉਹ ਜੋ ਕੁਝ ਵੀ ਹੈ ਉਸ ਤੋਂ ਜ਼ਿਆਦਾ ਉਸ ਦੇ ਕੰਮ ਦੀ ਝਲਕ ਦੇਖਣ ਨੂੰ ਮਿਲੇ। ਮੇਅ ਸਾਈਮਨ ਵਿਸ਼ਵ ਦੇ ਸਭ ਤੋਂ ਵੱਡੇ ਵਪਾਰ ਪੁਸਤਕ ਮੇਲੇ 2021 ਫਰੈਂਕਫਰਟ ਬੁੱਕ ਫੇਅਰ ਵਿਖੇ ਕੈਨੇਡਾ ਦੀ ਪ੍ਰਤੀਨਿਧਤਾ ਕਰ ਰਹੀ ਹੈ ਜਿਥੇ ਕੈਨੇਡਾ ਇਸ ਸਾਲ ਦਾ ਗੈਸਟ ਆਫ ਆਨਰ ਹੈ। ਆਪਣੇ ਦੌਰੇ ਦੌਰਾਨ ਉਨ੍ਹਾਂ ਨੇ ਜਰਮਨੀ ਦੇ ਰਾਸ਼ਟਰਪਤੀ ਫਰੈਂਕ ਵਾਲਟਰ ਸਟੀਨਮੇਅਰ ਤੇ ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਤੇ ਚੋਟੀ ਦੇ ਕਈ ਸੈਨਿਕ ਨੇਤਾਵਾਂ ਨਾਲ ਮੀਟਿੰਗਾਂ ਕੀਤੀਆਂ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S
Jewellers Ltd.

Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ
• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421




# ਸਰਕਾਰਾਂ ਤੇ ਰੀਅਲ ਇਸਟੇਟ ਵਪਾਰੀਆਂ ਦੇ ਚੁੰਗਲ ਵਿਚ 'ਘਿਰਿਆ' ਆਪਣੇ ਘਰ ਦਾ ਸੁਪਨਾ...

**ਸੁਖਵਿੰਦਰ ਸਿੰਘ ਚੋਹਲਾ**

ਸਰਕਾਰਾਂ ਵਲੋ ਕੋਵਿਡ ਮਹਾਂਮਾਰੀ ਖਿਲਾਫ ਕਈ ਉਪਾਵਾਂ ਅਤੇ ਪੇਸ਼ਬੰਦੀਆਂ ਦੇ ਬਾਵਜੂਦ ਕੋਵਿਡ ਦੀ ਚੌਥੀ ਲਹਿਰ ਦੀਆਂ ਚੇਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ। ਟੀਕਾਕਰਣ ਮੁਹਿੰਮ ਨੂੰ ਪ੍ਰਭਾਵੀ ਬਣਾਉਣ ਦੇ ਨਾਲ ਵੈਕਸੀਨੇਸ਼ਨ ਪਾਸਪੋਰਟ ਜ਼ਰੂਰੀ ਕਰਾਰ ਦਿੱਤੇ ਜਾਣ, ਪੱਖ ਅਤੇ ਵਿਰੋਧੀ ਦਲੀਲਾਂ ਦੇ ਬਾਵਜੂਦ ਆਰਥਿਕ ਪਹੀਆ ਚਲਦਾ ਰੱਖਣ ਲਈ ਦੇ ਯਤਨ ਜਾਰੀ ਹਨ। ਕੈਨੇਡਾ ਦੀ ਫੈਡਰਲ ਸਰਕਾਰ ਵਲੋ ਕੋਵਿਡ ਮਹਾਂਮਾਰੀ ਤੋ ਪ੍ਰਭਾਵਿਤ ਆਮ ਲੋਕਾਂ ਤੇ ਕਾਰੋਬਾਰਾਂ ਦੀ ਸਹਾਇਤਾ ਲਈ ਦਿੱਤੇ ਜਾ ਰਹੇ ਕੋਵਿਡ ਲਾਭਾਂ ਉਪਰ ਰੋਕ ਲਗਾਉਣ ਦੀ ਮੰਗ ਹੋਣ ਲੱਗੀ ਹੈ। ਕੈਨੇਡਾ ਰਿਕਵਰੀ ਬੈਨੀਫਿਟ ਦੀ ਮਿਆਦ ਇਸ 23 ਅਕਤੂਬਰ ਨੂੰ ਖਤਮ ਹੋਣ ਜਾ ਰਹੀ ਹੈ। ਕਾਰੋਬਾਰਾਂ ਦੇ ਪ੍ਰਭਾਵਿਤ ਹੋਣ ਜਾਂ ਠੱਪ ਹੋਣ ਦੀ ਸੂਰਤ ਵਿਚ ਜ਼ਰੂਰੀ ਮਾਸਿਕ ਕਿਸ਼ਤਾਂ ਦੇ ਟੁੱਟ ਜਾਣ ਦਾ ਡਰ ਲੋਕਾਂ ਨੂੰ ਸਤਾਉਣ ਲੱਗਾ ਹੈ। ਇਸ ਵਿਚ ਕੋਈ ਸ਼ੱਕ ਨਹੀ ਕਿ ਕੋਵਿਡ ਮਹਾਂਮਾਰੀ ਦੀ ਮਾਰ ਹਰ ਵਿਅਕਤੀ ਅਤੇ ਕਾਰੋਬਾਰ ਨੂੰ ਝੱਲਣੀ ਪੈ ਰਹੀ ਹੈ ਪਰ ਇਸ ਦੌਰਾਨ ਅਚੰਭੇ ਵਾਲੀ ਗੱਲ ਇਹ ਹੈ ਕਿ ਰੀਅਲ ਇਸਟੇਟ ਮਾਰਕੀਟ ਲਗਾਤਾਰ ਗਰਮਾਈ ਪਈ ਹੈ। ਘਰਾਂ ਦੀਆਂ ਕੀਮਤਾਂ ਵਿਚ ਲਗਾਤਾਰ ਉਛਾਲ ਹੈਰਾਨੀਜਨਕ ਹੀ ਨਹੀ ਪਹਿਲੀ ਵਾਰ ਘਰ ਖਰੀਦਣ ਦੇ ਚਾਹਵਾਨ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਵੀ ਹੈ। ਕੈਨੇਡਾ ਦੇ ਦੋ ਮਹਾਂਨਗਰਾਂ ਵੈਨਕੂਵਰ ਅਤੇ ਟੋਰਾਂਟੋ ਖੇਤਰ ਵਿਚ ਸਿੰਗਲ ਫੈਮਲੀ ਹੋਮ ਦੀ ਖਰੀਦ ਨਾ ਪੂਰਾ ਹੋਣ ਵਾਲੇ ਸੁਪਨੇ ਦੀ ਤਰਾਂ ਹੈ। ਇਥੋ ਤੱਕ ਕਿ ਇਹਨਾਂ ਸ਼ਹਿਰਾਂ ਵਿਚ ਟਾਊਨਹਾਊਸ ਜਾਂ ਅਪਾਰਟਮੈਂਟ ਖਰੀਦਣਾ ਵੀ ਆਮਦਨ ਸੀਮਾ ਤੋ ਬਾਹਰਾ ਹੋ ਗਿਆ ਹੈ। ਕੋਵਿਡ ਮਹਾਂਮਾਰੀ ਕਾਰਣ ਪ੍ਰਭਾਵਿਤ ਹੋਏ ਕਾਰੋਬਾਰਾਂ ਅਤੇ ਨੌਕਰੀਆਂ ਛੁੱਟਣ ਕਾਰਣ ਸਮਝਿਆ ਜਾਂਦਾ ਸੀ ਕਿ ਰਹਾਇਸ਼ੀ ਜਾਇਦਾਦਾਂ ਖਰੀਦਣ ਵਾਲੇ ਲੋਕਾਂ ਦੀਆਂ ਕਿਸ਼ਤਾਂ ਟੁੱਟਣ ਦੀ ਸੂਰਤ ਵਿਚ ਬੈਂਕਾਂ ਵੱਡੇ ਆਰਥਿਕ ਸੰਕਟ ਦੀ ਮਾਰ ਹੇਠ ਆ ਸਕਦੀਆਂ ਹਨ। ਪਰ ਇਸ ਦੌਰਾਨ ਬੈਂਕਾਂ ਦੀ ਘੱਟ ਵਿਆਜ਼ ਦਰ ਅਤੇ ਸੌਖਾਲੀ ਮੌਰਗੇਜ਼ ਨੀਤੀ ਨੇ ਰੀਅਲ ਇਸਟੇਟ ਮਾਰਕੀਟ ਵਿਚ ਲਗਾਤਾਰ ਤੇਜ਼ੀ ਬਣਾ ਰੱਖੀ ਹੈ। ਆਰਥਿਕ ਮਾਹਿਰਾਂ ਮੁਤਾਬਿਕ ਮੰਦੀ ਦੇ ਦੌਰ ਵਿਚ ਆਰਥਿਕਤਾ ਦਾ ਪਹੀਆ ਤੋਰੀ ਰੱਖਣ ਲਈ ਇਹ ਸਭ ਲਾਜ਼ਮੀ ਹੈ।

ਰੀਅਲ ਇਸਟੇਟ ਮਾਰਕੀਟ ਵਿਚ ਲਗਾਤਾਰ ਤੇਜ਼ੀ, ਕੀਮਤਾਂ ਵਿਚ ਉਛਾਲ ਅਤੇ ਰਿਹਾਇਸ਼ੀ ਘਰਾਂ ਦਾ ਆਮ ਪਹੁੰਚ ਤੋ ਬਾਹਰ ਹੋਣਾ, ਜਿਥੇ ਸਰਕਾਰੀ ਨੀਤੀਆਂ ਉਪਰ ਕਈ ਸਵਾਲ ਖੜੇ ਕਰਦਾ ਹੈ ਉਥੇ ਬਿਲਡਰਾਂ, ਨਿਵੇਸ਼ਕਾਂ ਤੇ ਰੀਐਲਟਰਾਂ ਦੇ ਗਠਜੋੜ ਪ੍ਰਤੀ ਨਰਮਾਈ ਵਾਲਾ ਵਿਵਹਾਰ ਸੰਦੇਹਪੂਰਣ ਵੀ ਹੈ। ਰੀਅਲ ਇਸਟੇਟ ਵਿਚ ਤੇਜ਼ੀ ਤੇ ਕੀਮਤਾਂ ਵਿਚ ਉਛਾਲ ਲਈ ਆਮ ਕਰਕੇ ਵਿਦੇਸ਼ੀ ਖਰੀਦਦਾਰਾਂ ਜਾਂ ਨਿਵੇਸ਼ਕਾਂ ਨੂੰ ਜਿੰਮੇਵਾਰ ਦੱਸਿਆ ਜਾਂਦਾ ਹੈ। ਪਰ ਅੰਕੜੇ ਦੱਸਦੇ ਹਨ ਕਿ ਰਿਹਾਇਸ਼ੀ ਘਰਾਂ ਦਾ ਆਮ ਲੋਕਾਂ ਦੀ ਪਹੁੰਚ ਤੋ ਦੂਰ ਹੋਣਾ ਕੇਵਲ ਵਿਦੇਸ਼ੀ ਨਿਵੇਸ਼ਕ ਪੱਖ ਹੀ ਜਿੰਮੇਵਾਰ ਨਹੀ ਹੈ। ਕੈਨੇਡਾ ਦੇ ਅੰਕੜਾ ਵਿਭਾਗ ਦੀ ਰਿਪੋਰਟ ਮੁਤਾਬਿਕ ਮੈਟਰੋ ਵੈਨਕੂਵਰ ਵਿਚ ਕੇਵਲ 4.8 ਪ੍ਰਤੀਸ਼ਤ ਅਤੇ ਗਰੇਟਰ ਟੋਰਾਂਟੋ ਵਿਚ ਕੇਵਲ 3.4 ਪ੍ਰਤੀਸ਼ਤ ਹੀ ਵਿਦੇਸ਼ੀ ਖਰੀਦਦਾਰ ਜਾਇਦਾਦਾਂ ਦੇ ਮਾਲਕ ਹਨ। ਇਕ ਹੋਰ ਅਧਿਐਨ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਵੈਨਕੂਵਰ ਦੀ ਕੌਂਡੋ ਮਾਰਕੀਟ ਵਿਚ 2016-17 ਵਿਚ ਬਣੇ ਕੌਂਡੋ ਚੋ 19 ਪ੍ਰਤੀਸ਼ਤ ਮਾਲਕ ਵਿਦੇਸ਼ੀ ਹਨ। ਸਾਈਮਨ ਫਰੇਜ਼ਰ ਯੂਨੀਵਰਸਿਟੀ ਦੀ ਅਧਿਐਨ ਰਿਪੋਰਟ ਮੁਤਾਬਿਕ 6 ਲੱਖ ਦੀ ਕੀਮਤ ਵਾਲੇ ਕੌਂਡੋ ਚੋ 10 ਪ੍ਰਤੀਸ਼ਤ ਮਾਲਕ ਹੀ ਵਿਦੇਸ਼ੀ ਹਨ। ਜਦੋਂਕਿ ਵੈਨਕੂਵਰ ਵਿਚ 1.5 ਮਿਲੀਅਨ ਦੀ ਕੀਮਤ ਵਾਲੇ ਕੌਂਡੋ ਦੇ 19 ਪ੍ਰਤੀਸ਼ਤ ਮਾਲਕ ਵਿਦੇਸ਼ੀ ਹਨ।



ਇਹਨਾਂ ਅੰਕੜਿਆਂ ਨੂੰ ਵੇਖਦਿਆਂ ਕੋਈ ਵੀ ਆਮ ਸ਼ਹਿਰੀ ਇਹ ਮੰਨ ਸਕਦਾ ਹੈ ਕਿ ਘਰਾਂ ਦੀਆਂ ਕੀਮਤਾਂ ਵਿਚ ਉਛਾਲ ਦਾ ਮੁੱਖ ਕਾਰਣ ਵਿਦੇਸ਼ੀ ਪੈਸਾ ਹੈ। ਭਾਵੇਕਿ ਰੀਅਲ ਇਸਟੇਟ ਮਾਰਕੀਟ ਵਿਚ ਤੇਜ਼ੀ ਵਾਸਤੇ ਮੁੱਖ ਤੱਤਾਂ ਵਿਚ ਵਿਦੇਸ਼ੀ ਖਰੀਦਦਾਰ, ਪ੍ਰਭਾਵਹੀਣ ਕਨੂੰਨ, ਮੁੜ ਵਿਕਰੀ- ਫਲਿਪਿੰਗ, ਮਨੀ ਲਾਂਡਰਿੰਗ,ਰੀਐਲਟਰ ਯੋਗਤਾ ਅਤੇ ਤੇਜ਼ ਵਿਕਾਸ ਨੂੰ ਮੰਨਿਆ ਜਾਂਦਾ ਹੈ ਪਰ ਸ਼ਾਇਦ ਇਹ ਅਧੂਰਾ ਸੱਚ ਹੈ। ਮੈਟਰੋ ਵੈਨਕੂਵਰ ਅਤੇ ਮੈਟਰੋ ਟੋਰਾਂਟੋ ਵਿਚ ਨਿੱਤ ਦਿਨ ਘਰਾਂ ਦੀ ਖਰੀਦ ਵੇਚ ਵਪਾਰਕ ਲਾਭ ਤੋ ਪ੍ਰੇਰਿਤ ਹੈ। ਘਰਾਂ ਦੀ ਮੰਗੀ ਗਈ ਕੀਮਤ ਤੋ 2 ਜਾਂ ਤਿੰਨ ਲੱਖ ਵਧੇਰੇ ਕੀਮਤਾਂ ਉਪਰ ਕਿਸੇ ਘਰ ਦੇ ਵਿਕਣ ਪਿਛੇ ਇਹ ਲਾਭ ਕਮਾਊ ਪਹੁੰਚ (ਫਲਿਪਿੰਗ) ਪ੍ਰਭਾਵੀ ਹੈ। ਵੈਨਕੂਵਰ ਵਿਚ ਅਜਿਹੇ ਤਰੀਕੇ ਦੀ ਫਲਿਪਿੰਗ ਦੇ ਦੋਸ਼ਾਂ ਦਾ ਸਾਹਮਣਾ ਤਾਂ ਇਕ ਲਿਬਰਲ ਉਮੀਦਵਾਰ ਨੂੰ ਚੋਣਾਂ ਦੌਰਾਨ ਵੀ ਕਰਨਾ ਪਿਆ ਸੀ ਪਰ ਇਸਦੇ ਬਾਵਜੂਦ ਉਹ ਚੋਣ ਜਿੱਤਣ ਵਿਚ ਕਾਮਯਾਬ ਰਿਹਾ। ਮੈਟਰੋ ਸ਼ਹਿਰਾਂ ਵਿਚ ਸਿੰਗਲ ਘਰਾਂ ਤੋ ਬਾਦ ਟਾਊਨਹਾਊਸ ਮਾਰਕੀਟ ਵਿਚ ਆਈ ਤੇਜ਼ੀ ਤੇ ਟਾਊਨਹਾਊਸ ਦੀਆਂ ਕੀਮਤਾਂ ਵਿਚ ਵੱਡਾ ਉਛਾਲ ਵੀ ਨਿਵੇਸ਼ਕਾਂ, ਬਿਲਡਰਾਂ ਤੇ ਰੀਐਲਟਰਾਂ ਦੇ ਨਾਪਾਕ ਗਠਜੋੜ ਵੱਲ ਇਸ਼ਾਰਾ ਕਰਦਾ ਹੈ। ਰੀਅਲ ਇਸਟੇਟ ਮਾਰਕੀਟ ਉਪਰ ਕਾਬਜ਼ ਇਸ ਨਾਪਾਕ ਗਠਜੋੜ ਦੁਆਰਾ ਕੀਮਤ ਨਿਰਧਾਰਣ ਉਪਰ ਸਰਕਾਰਾਂ ਜਾਂ ਸਿਟੀ ਪ੍ਰਸ਼ਾਸਨ ਦਾ ਕੋਈ ਨਿਯੰਤਰਣ ਨਹੀ ਹੈ ਜਾਂ ਸਰਕਾਰਾਂ ਅਜਿਹੇ ਨਿਯੰਤਰਣ ਨੂੰ ਵਾਜਿਬ ਨਹੀ ਮੰਨਦੀਆਂ। ਸਿਟੀ ਦੀ ਮਨਜੂਰੀ ਉਪਰੰਤ ਕਿਸੇ ਪੂਰੇ ਪ੍ਰਾਜੈਕਟ ਦਾ ਵਿਕ ਜਾਣਾ ਤੇ ਆਮ ਲੋਕਾਂ ਲਈ ਕੇਵਲ ਰੀਸੇਲ ਉਪਰ ਹੀ ਪ੍ਰਾਪਰਟੀ ਦਾ ਉਪਲੱਬਧ ਹੋਣਾ, ਕਿਸੇ ਵੱਡੇ ਆਰਥਿਕ ਘੁਟਾਲੇ ਤੋ ਘੱਟ ਨਹੀ। ਰੀਅਲ ਇਸਟੇਟ ਬੇਨਿਯਮੀਆਂ ਅਤੇ ਘੁਟਾਲੇ ਵਾਸਤੇ ਸਰਕਾਰਾਂ ਚਲਾਉਣ ਵਾਲੇ ਸਿਆਸਤਦਾਨ ਤੇ ਅਧਿਕਾਰੀ ਵੀ ਸ਼ਾਇਦ ਜਾਣੇ ਅਣਜਾਣੇ ਵਿਚ ਭਾਈਵਾਲ ਬਣੇ ਹੋਏ ਹਨ। ਬੀ ਸੀ ਵਿਚ ਰੀਅਲ ਇਸਟੇਟ ਤੇਜ਼ੀ ਲਈ ਜ਼ਮੀਨ ਉਪਲੱਬਧੀ ਨੂੰ ਇਕ ਕਾਰਣ ਵਜੋ ਲਿਆ ਜਾਂਦਾ ਹੈ। ਮਾਹਿਰ ਇਸ ਸੰਕਟ ਦੇ ਹੱਲ ਲਈ ਜਦੋ ਉਪਲਬੱਧ ਜ਼ਮੀਨ ਦੀ ਰੀਜ਼ੋਨਿੰਗ ( ਵਰਤੋ ਤਬਦੀਲੀ) ਦੀ ਸਲਾਹ ਦਿੰਦੇ ਹਨ ਤਾਂ ਖੇਤੀ ਅਤੇ ਵਾਤਾਵਰਣ ਦੀ ਸੰਭਾਲ ਦੇ ਨਾਮ ਹੇਠ ਇਹਨਾਂ ਸਲਾਹਾਂ ਨੂੰ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਮੈਟਰੋ ਵੈਨਕੂਵਰ ਵਿਚ ਆਪਣਾ ਘਰ ਬਣਾਉਣ ਦੇ ਸੁਪਨੇ ਦੀ ਪੂਰਤੀ ਕੋਈ ਸਹਿਜ ਨਹੀ...

## ਸਿੰਘੂ ਬਾਰਡਰ ਦੀ ਨਿਰਦਈ ਘਟਨਾ-ਜਵਾਬਦੇਹੀ ਕਿਸਦੀ ?

ਰਾਜਧਾਨੀ ਦਿੱਲੀ ਦੇ ਬਾਹਰ ਸਿੰਘੂ ਬਾਰਡਰ ਕਿਸਾਨ ਮੋਰਚੇ ਉਤੇ ਨਿਹੰਗ ਸਿੰਘਾਂ ਵਲੋ ਇਕ ਵਿਅਕਤੀ ਦੀ ਬੇਅਦਬੀ ਦੇ ਦੋਸ਼ਾਂ ਹੇਠ ਬੇਰਹਿਮੀ ਨਾਲ ਕੀਤੀ ਗਈ ਹੱਤਿਆ ਦਿਲ ਕੰਬਾਅ ਦੇਣ ਵਾਲੀ ਘਟਨਾ ਹੈ। ਸੋਸ਼ਲ ਮੀਡੀਆ ਉਪਰ ਇਸ ਨਿਰਦਈ ਘਟਨਾ ਦੀ ਵੀਡੀਓ ਨਰਮ ਦਿਲ ਵਾਲੇ ਕਿਸੇ ਵੀ ਵਿਅਕਤੀ ਨੂੰ ਡਰਾਉਣ ਤੇ ਬੇਚੈਨ ਕਰਨ ਵਾਲੀ ਹੈ। ਵੀਡੀਓ ਵਿਚ ਕਿਵੇ ਇਕ ਅਧਨੰਗੇ ਵਿਅਕਤੀ ਨੂੰ ਬੈਰੀਕੇਡ ਨਾਲ ਪੁੱਠਾ ਲਟਕਾਇਆ ਪਿਆ ਹੈ। ਉਸਦਾ ਗੁੱਟ ਤੇ ਲੱਤ ਵੱਢ ਦਿੱਤੀ ਗਈ ਹੈ। ਜਿਊਂਦੀ ਲਾਸ਼ ਕਰਾਹ ਰਹੀ ਹੈ ਕਿ ਉਸਨੂੰ ਆਖਰੀ ਵਾਰ ਕੁਝ ਰਾਹਤ ਦੇ ਦਿਓ। ਪਰ ਸਾਹਮਣੇ ਖੜੇ 'ਧਰਮ ਦੇ ਰਾਖੇ' ਉਸਨੂੰ ਗੁਰੂ ਦੀ ਬੇਅਦਬੀ ਲਈ ਜਾਨੋ ਮਾਰੇ ਜਾਣ ਦੀ ਸਜ਼ਾ ਸੁਣਾ ਰਹੇ ਹਨ। ਇਸ ਘਟਨਾ ਦਾ ਮੂਲ ਕਾਰਣ ਕੋਈ ਵੀ ਹੈ। ਸਮਝਿਆ ਜਾ ਸਕਦਾ ਹੈ ਕਿ ਕੋਈ ਨਸ਼ਈ ਵਿਅਕਤੀ ਪੈਸੇ ਜਾਂ ਕਿਸੇ ਹੋਰ ਲਾਲਚ ਵਿਚ ਕੋਈ ਵੀ ਗਿਰੀ ਹੋਈ ਹਰਕਤ ਲਈ ਪ੍ਰੇਰਿਤ ਹੋ ਸਕਦਾ ਹੈ ਪਰ ਇਸਦਾ ਅਰਥ ਇਹ ਹਰਗਿਜ਼ ਨਹੀ ਕਿ 'ਧਰਮ ਦੇ ਰਾਖੇ' ਉਸ 'ਮਰੀ ਹੋਈ ਜ਼ਮੀਰ' ਵਾਲੇ ਵਿਅਕਤੀ ਨੂੰ ਮੌਕੇ ਤੇ ਸਜ਼ਾ ਦੇਣ ਲਈ ਖੁਦ ਹੀ ਗਵਾਹ ਤੇ ਜੱਜ ਬਣ ਜਾਣ। ਇਹ ਘਟਨਾ ਕਿਸੇ ਵੀ ਧਰਮੀ ਪੁਰਸ਼ ਜਾਂ ਆਮ ਵਿਅਕਤੀ ਨੂੰ ਝੰਜੋੜ ਦੇਣ ਵਾਲੀ ਹੈ। ਧਾਰਮਿਕ ਆਸਥਾ ਇੰਨੀ ਨਿਰਦਈ ਵੀ ਹੋ ਸਕਦੀ ਹੈ...?

ਇਸ ਘਟਨਾ ਨੂੰ ਲੈਕੇ ਵੱਖ- ਵੱਖ ਆਗੂਆਂ ਨੇ ਨਿੰਦਾ ਕਰਦਿਆਂ ਦੁੱਖ ਪ੍ਰਗਟ ਕੀਤਾ ਹੈ। ਸਾਲ ਭਰ ਤੋ ਸ਼ਾਂਤਮਈ ਚੱਲ ਰਹੇ ਕਿਸਾਨ ਅੰਦੋਲਨ ਨੂੰ ਖਦੇੜਨ ਲਈ ਕਿਸੇ ਸਾਜਿਸ਼ ਨਾਲ ਵੀ ਜੋੜਿਆ ਜਾ ਰਿਹਾ ਹੈ। ਕਿਸਾਨ ਅੰਦੋਲਨ ਤੋ ਪ੍ਰੇਸ਼ਾਨ ਭਾਜਪਾ ਆਗੂ ਇਸ ਘਟਨਾ ਬਹਾਨੇ ਖੁੱਲਕੇ ਕਿਸਾਨ ਆਗੂਆਂ ਦੀ ਨਿੰਦਾ ਕਰਨ ਲੱਗੇ ਹਨ। ਭਾਵੇਕਿ ਕਿਸਾਨ ਆਗੂਆਂ ਨੇ ਤੁਰੰਤ ਇਸ ਘਟਨਾ ਦੀ ਨਿੰਦਾ ਕਰਦਿਆਂ ਨਿਹੰਗ ਸਿੰਘਾਂ ਦੇ ਜਥੇ ਨਾਲ ਕਿਸੇ ਵੀ ਤਰਾਂ ਦੇ ਸਬੰਧਾਂ ਤੋ ਇਨਕਾਰ ਕਰ ਦਿੱਤਾ ਹੈ। ਪਰ ਇਸ ਗੱਲ ਤੋ ਸ਼ਾਇਦ ਇਨਕਾਰੀ ਹੋਣਾ ਮੁਸ਼ਕਲ ਹੈ ਕਿ ਇਹ ਨਿਹੰਗ ਸਿੰਘ ਇਥੇ ਅੰਦੋਲਨ ਦੀ ਹਮਾਇਤ ਵਿਚ ਹੀ ਡੇਰਾ ਜਮਾਈ ਬੈਠੇ ਹਨ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਉਹ ਸਮੇ ਸਮੇ ਤੇ ਨਿਹੰਗ ਸਿੰਘਾਂ ਨੂੰ ਸਪੱਸ਼ਟ ਕਰ ਚੁੱਕੇ ਹਨ ਕਿ ਕਿਸਾਨ ਅੰਦੋਲਨ ਧਾਰਮਿਕ ਅੰਦੋਲਨ ਨਹੀ ਹੈ, ਉਹ ਮੋਰਚੇ ਚੋ ਚਲੇ ਜਾਣ ਜਦੋਂਕਿ ਉਹਨਾਂ ਦਾ ਜਵਾਬ ਹੈ ਕਿ ਉਹ ਵੀ ਕਿਸਾਨ ਹਨ ਤੇ ਆਪਣੇ ਹੱਕਾਂ ਲਈ ਲੜਨ ਆਏ ਹਨ। ਕਿਸਾਨ ਮੋਰਚੇ ਦੀ ਅਗਵਾਈ ਕਰਨ ਵਾਲੇ ਆਗੂਆਂ ਲਈ ਇਹ ਸਥਿਤੀ ਕਾਫੀ ਪੇਚੀਦਾ ਹੈ। ਜੋ ਕਿਸਾਨ ਆਗੂ ਮੋਰਚੇ ਦੇ ਮੰਚ ਤੋ ਅੰਦੋਲਨਕਾਰੀਆਂ ਨੂੰ ਆਪਣੇ ਹੱਕਾਂ ਲਈ ਧਾਰਮਿਕ ਜਜ਼ਬੇ ਵਾਲੇ ਭਾਸ਼ਨ ਕਰਦਿਆਂ ਹਾਕਮਾਂ ਖਿਲਾਫ ਲੜਨ ਦੀ ਪ੍ਰੇਰਨਾ ਦਿੰਦੇ ਹਨ, ਸ਼ਾਇਦ ਉਹਨਾਂ ਲਈ ਇਹ ਸਥਿਤੀ ਜ਼ਿਆਦਾ ਪੇਚੀਦਾ ਨਹੀ। ਧਾਰਮਿਕ ਆਸਥਾ ਦੇ ਆਹਤ ਹੋਣ ਦੇ ਸਿੱਟੇ ਵਜੋ ਕਿਸਾਨ ਮੋਰਚੇ ਵਿਚ ਹੋਈ ਇਸ ਹੱਤਿਆ ਲਈ ਇਖਲਾਕੀ ਜ਼ਿੰਮੇਵਾਰੀ ਕਬੂਲ ਕੌਣ ਕਰੇਗਾ..ਕਿਸੇ ਵੀ ਅੰਦੋਲਨਕਾਰੀ ਜਾਂ ਅੰਦੋਲਨ ਹਮਾਇਤੀ ਆਮ ਲੋਕਾਂ ਦੇ ਮਨਾਂ ਵਿਚ ਪੈਦਾ ਹੋਏ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ?

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।
ਸਟਰੋਕ ਦੇ ਲੱਛਣਾਂ ਬਾਰੇ ਸਿੱਖੋ
Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!
ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ
heartandstroke.ca/Punjabi
Heart & Stroke™
With the support of BRITISH COLUMBIA
© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

# ਅਮਰਜੀਤ ਸੋਹੀ ਐਡਮਿੰਟਨ ਦੇ 36ਵੇਂ ਮੇਅਰ ਚੁਣੇ ਗਏ
# ਮੋਅ ਬੰਗਾ ਸਮੇਤ ਮੌਜੂਦਾ ਚਾਰ ਕੌਂਸਲਰ ਚੋਣ ਹਾਰੇ

ਐਡਮਿੰਟਨ-ਸੋਮਵਾਰ ਰਾਤ ਸਿਟੀ ਮਿਉਂਸਪਲ ਚੋਣਾਂ ਵਿਚ ਅਮਰਜੀਤ ਸੋਹੀ ਐਡਮਿੰਟਨ ਦੇ 36ਵੇਂ ਮੇਅਰ ਚੁਣੇ ਗਏ ਹਨ ਜਦਕਿ ਚਾਰ ਮੌਜੂਦਾ ਕੌਂਸਲਰ ਚੋਣ ਹਾਰ ਗਏ ਹਨ। ਸੀਟੀਵੀ ਨਿਊਜ਼ ਡਿਸੀਜ਼ਨ ਡੈਸਕ ਨੇ ਰਾਤ 9 ਵਜੇ ਪਿੱਛੋਂ ਸੋਹੀ ਦੇ ਜੇਤੂ ਹੋਣ ਦਾ ਅਨੁਮਾਨ ਲਗਾਇਆ। ਸੋਹੀ ਨੂੰ 45 ਫ਼ੀਸਦੀ ਵੋਟਾਂ ਮਿਲੀਆਂ। ਸਾਬਕਾ ਕੌਂਸਲਰਾਂ ਮਿਕ ਨਿਕਲ (25 ਫ਼ੀਸਦੀ), ਕਿਮ ਕਰੂਸ਼ਲ (17 ਫ਼ੀਸਦੀ) ਮਾਈਕਲ ਓਸ਼ਰੀ (6 ਫ਼ੀਸਦੀ) ਵੋਟ ਮਿਲੇ। ਸੋਹੀ ਨੇ ਕਿਹਾ ਕਿ ਉਸ ਨੂੰ ਪਤਾ ਹੈ ਕਿ ਪਿਛਲੇ ਕੁਝ ਸਾਲ ਮੁਸ਼ਕਿਲ ਵਾਲੇ ਰਹੇ ਹਨ। ਉਸ ਨੂੰ ਆਉਣ ਵਾਲੇ ਬਿਹਤਰ ਦਿਨਾਂ ਨਾਲ ਨਵੇਂ ਚੈਪਟਰ ਵੱਲ ਕਮਿਊਨਿਟੀ ਦੀ ਅਗਵਾਈ ਕਰਨ ਦੇ ਵਿਸ਼ੇਸ਼ ਅਧਿਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਆਉ ਸਾਰੇ ਕੰਮ ਕਰੀਏ। ਆਉ ਇਕ ਅਜਿਹਾ ਸ਼ਹਿਰ ਬਣਾਏ ਜਿਹੜਾ ਸਾਰਿਆਂ ਲਈ ਮੌਕੇ ਦੀ ਥਾਂ ਹੋਵੇ। ਉਨ੍ਹਾਂ ਦਾ ਪਲੇਟਫਾਰਮ ਬੇਘਰਪੁਣੇ, ਨਸ਼ਿਆਂ ਤੇ ਮਾਨਸਿਕ ਸਿਹਤ ਦੇ ਨਾਲ ਨਾਲ ਪੌਣਪਾਣੀ ਤਬਦੀਲੀਆਂ ਦੀਆਂ ਹਕੀਕਤਾਂ ਨਾਲ ਨਜਿੱਠਣ ’ਤੇ ਕੇਂਦਰਿਤ ਹੈ। ਉਨ੍ਹਾਂ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਉਨ੍ਹਾਂ ਨੇ ਆਉਣ ਵਾਲੇ ਦਿਨਾਂ ਵਿਚ ਸਿਟੀ ਕੌਂਸਲ ਦੇ ਦੂਸਰੇ ਮੈਂਬਰਾਂ ਤਕ ਪਹੁੰਚ ਬਣਾਉਣ ਦੀ ਯੋਜਨਾ ਹੈ। ਅਸੀਂ ਤੁਰੰਤ ਕੰਮ ਸ਼ੁਰੂ ਕਰਾਂਗੇ। ਸਾਡੇ ਸਾਹਮਣੇ ਗੰਭੀਰ ਚੁਣੌਤੀਆਂ ਹਨ। ਸੋਹੀ ਮੇਅਰ ਵਜੋਂ ਚੁਣਿਆਂ ਜਾਣ ਵਾਲਾ ਪਹਿਲਾ ਗੈਰ ਗੋਰਾ ਵਿਅਕਤੀ ਹੈ। ਉਹ ਸਥਾਨਕ ਰਾਜਨੀਤੀ ਛੱਡ ਕੇ ਫੈਡਰਲ ਲਿਬਰਲਸ ਵਿਚ ਚਲੇ ਗਏ ਸਨ ਅਤੇ 2015 ਵਿਚ ਚੋਣ ਜਿੱਤਣ ਪਿੱਛੋਂ ਫੈਡਰਲ ਕੈਬਨਿਟ ਮੰਤਰੀ ਰਹੇ। ਉਹ 2019 ਵਿਚ ਫੈਡਰਲ ਚੋਣ ਹਾਰ ਗਏ ਸਨ।




### ਵਰਤਮਾਨ ਕੌਂਸਲਰਾਂ ਲਈ ਨਤੀਜੇ ਰਲੇ ਮਿਲੇ ਰਹੇ

ਚੋਣਾਂ ਵਿਚ ਚਾਰ ਵਰਤਮਾਨ ਕੌਂਸਲਰ ਚੋਣ ਜਿੱਤ ਕੇ ਮੁੜ ਅਹੁਦੇ ’ਤੇ ਕਾਬਜ਼ ਹੋ ਗਏ ਹਨ ਜਦਕਿ ਇੰਨੀ ਗਿਣਤੀ ਵਿਚ ਕੌਂਸਲਰ ਕੌਂਸਲ ਵਿਚੋਂ ਬਾਹਰ ਹੋ ਗਏ ਹਨ। ਸੋਮਵਾਰ ਰਾਤ ਮੌਜੂਦਾ ਕੌਂਸਲਰੋਂ ਐਰਨ ਪੈਕੁਏਟੇ, ਐਂਡਰਿਉ ਨੈਕ, ਟਿਮ ਕਾਰਟਮਲ ਅਤੇ ਸਾਰਾਹ ਹੈਮਿਲਟਨ ਮੁੜ ਚੁਣੇ ਗਏ ਹਨ। ਪਰ ਟੋਨੀ ਕੈਟਰੀਨਾ, ਜੌਨ ਡਿਜ਼ਿਆਡਿਕ, ਮੋਅ ਬੰਗਾ ਅਤੇ ਬੇਵ ਐਸਲਿੰਗਰ ਚੋਣ ਹਾਰ ਗਏ ਹਨ। ਸਿਟੀ ਕੌਂਸਲਰਾਂ ਵਿਚੋਂ ਦੋ ਤਿਹਾਈ ਔਰਤਾਂ ਹਨ ਜਿਹੜੀਆਂ ਸ਼ਹਿਰ ਦੇ ਇਤਿਹਾਸ ਵਿਚ ਸਭ ਤੋਂ ਵੱਧ ਹਨ। ਵੋਟਾਂ 37.5 ਫ਼ੀਸਦੀ ਪੋਲ ਹੋਈਆਂ।

## ਜੋਤੀ ਗੌਂਡੇਕ ਕੈਲਗਰੀ ਦੀ ਪਹਿਲੀ ਔਰਤ ਮੇਅਰ ਚੁਣੀ ਗਈ

ਕੈਲਗਰੀ-ਜੋਤੀ ਗੋਂਡੇਕ ਨੂੰ ਕੈਲਗਰੀ ਦੀ ਅਗਲੀ ਮੇਅਰ ਐਲਾਨਿਆਂ ਗਿਆ ਹੈ ਅਤੇ ਇਸ ਅਹੁਦੇ ’ਤੇ ਚੁਣੀ ਜਾਣ ਵਾਲੀ ਉਹ ਪਹਿਲੀ ਔਰਤ ਬਣ ਗਈ ਹੈ। ਉਸ ਨੇ ਆਪਣੀ ਜਿੱਤ ਦੇ ਭਾਸ਼ਣ ਵਿਚ ਕਿਹਾ ਕਿ ਉਸ ਦਾ ਦਿਲ ਇਸ ਸੋਚ ਨਾਲ ਭਰਿਆ ਹੋਇਆ ਹੈ ਕਿ ਉਸ ਨੂੰ ਕਿੰਨਾ ਪਿਆਰ ਅਤੇ ਸਮਰਥਨ ਮਿਲਿਆ ਹੈ, ਉਹ ਵੀ ਉਸ ਦਿਨ ਤੋਂ ਨਹੀਂ ਜਦੋਂ ਉਸ ਨੇ ਐਲਾਨ ਕੀਤਾ ਸਗੋ ਅੱਜ ਤਕ ਹਰ ਤਰੀਕੇ ਨਾਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕ੍ਰਿਪਾ ਕਰਕੇ ਇਹ ਗੱਲ ਜਾਣ ਲਉ ਕਿ ਕੁਰਬਾਨੀਆਂ ਅਜਾਂਈ ਨਹੀਂ ਜਾਂਦੀਆਂ। ਮੇਰੇ ਨਾਲ ਇਸ ਯਾਤਰਾ ਵਿਚ ਚੱਲਣ, ਮੇਰੀ ਦੇਖਭਾਲ ਕਰਨ ਤੇ ਮੇਰੇ ਵਿਚ ਵਿਸ਼ਵਾਸ਼ ਕਰਨ ਲਈ ਤੁਹਾਡਾ ਧੰਨਵਾਦ। ਇਹ ਚੋਣ ਮੇਰੇ ਡੈਡ ਬਾਰੇ ਵੀ ਹੈ ਜਿਹੜੇ ਕਾਫੀ ਸਮਾਂ ਪਹਿਲਾਂ ਸਾਨੂੰ ਛੱਡ ਕੇ ਦੁਨੀਆਂ ਤੋਂ ਚਲੇ ਗਏ। ਅਸਲ ਵਿਚ ਇਹ ਉਨ੍ਹਾਂ ਦੀ ਅਧੂਰੀ ਕਮਿਉਨਿਟੀ ਸੇਵਾ ਹੈ ਜਿਸ ਨੂੰ ਉਨ੍ਹਾਂ ਨੇ 2003 ਵਿਚ ਫੜਿਆ ਹੈ ਜਿਸ ਨੇ ਮੈਨੂੰ ਆਪਣੀ ਜਿੰਦਗੀ ਵਿਚ ਇਸ ਸਥਿਤੀ ’ਤੇ ਪਹੁੰਚਾਇਆ ਹੈ। ਉਹ ਮੇਅਰ ਦੀ ਚੋਣ ਲੜਨ ਤੋਂ ਪਹਿਲਾਂ ਵਾਰਡ 3 ਦੀ ਇਕ ਵਾਰ ਕੌਂਸਲਰ ਰਹੀ ਹੈ। ਉਸ ਨੇ ਸ਼ਹਿਰੀ ਸੋਸ਼ੀਓਲੋਜੀ ਵਿਚ ਪੀਐਚਡੀ ਕੀਤੀ ਹੋਈ ਹੈ ਅਤੇ ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਉਸ ਨੇ ਯੂਨੀਵਰਸਿਟੀ ਆਫ ਕੈਲਗਰੀ ਦੇ ਹਸਕੇਨ ਸਕੂਲ ਆਫ ਬਿਜਨਸ ਵਿਖੇ ਵੈਸਟਮੈਨ ਸੈਂਟਰ ਫਾਰ ਰੀਅਲ ਅਸਟੇਟ ਸਟੱਡੀਜ਼ ਵਿਖੇ ਕੰਮ ਕੀਤਾ ਹੈ।



# ਆਈਵਸਨ ਨੇ ਸੋਹੀ ਦਾ ਐਡਮਿੰਟਨ ਦਾ ਨਵਾਂ ਮੇਅਰ ਬਣਨ ’ਤੇ ਕੀਤਾ ਸਵਾਗਤ

ਐਡਮਿੰਟਨ-ਐਡਮਿੰਟਨ ਦੇ ਅਹੁਦੇ ਤੋਂ ਹਟ ਰਹੇ ਮੇਅਆਰ ਡੋਨ ਇਵੇਸਨ ਨੇ ਐਡਮਿੰਟਨ ਸਿਟੀ ਹਾਲ ਵਿਚ ਵਾਪਸੀ ਲਈ ਆਪਣੇ ਜਾਨਸ਼ੀਨ ਅਮਰਜੀਤ ਸੋਹੀ ਦਾ ਸਵਾਗਤ ਕੀਤਾ ਹੈ। ਸੋਹੀ ਨੇ ਸੋਮਵਾਰ ਦੀ ਰਾਤ ਨੂੰ 46000 ਤੋਂ ਵੀ ਜ਼ਿਆਦਾ ਫਰਕ ਨਾਲ ਮੇਅਰ ਦੇ ਅਹੁਦੇ ਦੀ ਚੋਣ ਜਿੱਤੀ ਹੈ। ਇਵੇਸਨ ਨੇ ਕਿਹਾ ਕਿ ਉਹ ਨਤੀਜਿਆਂ ਤੋਂ ਖੁਸ਼ ਹੈ ਅਤੇ ਉਨ੍ਹਾਂ ਸੋਹੀ ਦੀ ਜਿੱਤ ਨੂੰ ਫ਼ੈਸਲਾਕੁਨ ਜਿੱਤ ਆਖਿਆ ਹੈ। ਇਵੇਸਨ ਨੇ ਕਿਹਾ ਕਿ ਉਹ ਡਰ ਅਤੇ ਗੁੱਸੇ ਤੇ ਵੰਡ ਦੀ ਰਾਜਨੀਤੀ ਨੂੰ ਰੱਦ ਕਰਨ ਅਤੇ ਇਸ ਸ਼ਹਿਰ ਦੀ ਆਸ ਅਤੇ ਲਗਾਤਾਰ ਤਰੱਕੀ ਵਾਲੀ ਵੀਜ਼ਨ ਨੂੰ ਗਲੇ ਲਗਾਉਣ ਲਈ ਐਡਮਿੰਟਨ ਵਾਸੀਆਂ ਦਾ ਧੰਨਵਾਦ ਕਰਨਾ ਚਾਹੁੰਦਾ ਹੈ। ਸੋਹੀ ਤੇ ਇਵੇਸਨ 2007 ਵਿਚ ਸਿਟੀ ਕੌਂਸਲ ਲਈ ਚੁਣੇ ਜਾਣ ਪਿੱਛੋਂ ਦੋਸਤ ਬਣ ਗਏ ਸਨ। ਸੋਹੀ ਨੇ ਆਪਣੀਆਂ ਸਾਂਝੀਆਂ ਕਦਰਾਂ ਕੀਮਤਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਡੀ ਦੋਸਤੀ ਬਹੁਤ ਮਜ਼ਬੂਤ ਹੈ। ਸਾਡੀ ਯਾਤਰਾਵਾਂ ਇਕ ਦੂਸਰੇ ਨਾਲ ਇਕ ਦਮ ਵੱਖ ਹਨ ਪਰ ਐਡਮਿੰਟਨ ਦੇ ਨਿਰਮਾਣ ਦਾ ਟੀਚਾ ਸਾਂਝਾ ਹੈ ਜਿਸ ਲਈ ਅਸੀਂ ਆਪਣਾ ਅਪਣੱਤ ਮਹਿਸੂਸ ਕਰਦੇ ਹਾਂ।











# ਚੰਨੀ ਨੂੰ 2022 ਦੀਆਂ ਦੀਆਂ ਚੋਣਾਂ 'ਚ ਮੁੱਖ ਮੰਤਰੀ ਉਮੀਦਵਾਰ ਐਲਾਨੇ ਜਾਣ ਦੀ ਮੰਗ

ਸਫ਼ਾ 1 ਦੀ ਬਾਕੀ

ਪੰਜ ਕਰੋੜ ਰੁਪਏ ਦੇਣ ਅਤੇ ਸਫਾਈ ਕਰਮਚਾਰੀਆਂ ਨੂੰ ਗਜ਼ਟਿਡ ਛੁੱਟੀਆਂ ਦੇ ਨਾਲ ਹਫਤਾਵਰੀ ਛੁੱਟੀ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ। ਇਸ ਦੌਰਾਨ ਸਮਾਗਮ ਵਿਚ ਸ਼ਾਮਲ ਵੱਖ-ਵੱਖ ਕਾਂਗਰਸੀ ਆਗੂਆਂ ਨੇ ਮੰਗ ਕੀਤੀ ਕਿ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਚਰਨਜੀਤ ਸਿੰਘ ਚੰਨੀ ਨੂੰ ਹੀ ਮੁੱਖ ਮੰਤਰੀ ਦੇ ਅਹੁਦੇ ਲਈ ਪਾਰਟੀ ਦਾ ਉਮੀਦਵਾਰ ਬਣਾਇਆ ਜਾਣਾ ਚਾਹੀਦਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨਾਲ ਚੱਲ ਰਹੇ ਮਤਭੇਦਾਂ ਵਿਚਾਲੇ ਅੱਜ ਇੱਥੇ ਸਮਾਗਮ ਵਿਚ ਸ੍ਰੀ ਚੰਨੀ ਨੂੰ ਮੁੜ ਮੁੱਖ ਮੰਤਰੀ ਦਾ ਉਮੀਦਵਾਰ ਬਣਾਉਣ ਦੀ ਮੰਗ ਉੱਠੀ। ਉਪ ਮੁੱਖ ਮੰਤਰੀ ਓ.ਪੀ. ਸੋਨੀ, ਕੈਬਨਿਟ ਮੰਤਰੀ ਡਾ. ਰਾਜ ਕੁਮਾਰ ਵੇਰਕਾ, ਸਪੀਕਰ ਰਾਣਾ ਕੇਪੀ ਸਿੰਘ, ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਅਤੇ ਤਰਸੇਮ ਸਿੰਘ ਡੀਸੀ ਆਦਿ ਨੇ ਇੱਥੇ ਆਪਣੇ ਸੰਬੋਧਨ ਦੌਰਾਨ ਮੰਗ ਕੀਤੀ ਕਿ ਕਾਂਗਰਸ ਪਾਰਟੀ ਵੱਲੋਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਸ੍ਰੀ ਚੰਨੀ ਨੂੰ ਹੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਚੰਨੀ ਸਿਰਫ ਚਾਰ ਮਹੀਨਿਆਂ ਲਈ ਹੀ ਨਹੀਂ, ਸਗੋਂ ਅਗਲੇ ਪੰਜ ਸਾਲਾਂ ਲਈ ਵੀ ਮੁੱਖ ਮੰਤਰੀ ਹੋਣ। ਇਸ ਦੌਰਾਨ ਮੁੱਖ ਮੰਤਰੀ ਨੇ ਇੱਥੇ ਮੱਥਾ ਟੇਕਿਆ ਅਤੇ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਦੀ ਲੋਕਾਂ ਨੂੰ ਵਧਾਈ ਦਿੱਤੀ। ਉਨ੍ਹਾਂ 25 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪੈਨੋਰਮਾ ਦਾ ਨੀਂਹ ਪੱਥਰ ਰੱਖਿਆ, ਜਿਸ ਵਿਚ ਭਗਵਾਨ ਵਾਲਮੀਕਿ ਦੇ ਜੀਵਨ, ਕਾਰਜ ਅਤੇ ਸਿੱਖਿਆਵਾਂ ਨੂੰ ਦਰਸਾਇਆ ਜਾਵੇਗਾ। ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸਥਾਪਤ ਭਗਵਾਨ ਵਾਲਮੀਕਿ ਚੇਅਰ ਲਈ ਸਾਲਾਨਾ ਪੰਜ ਕਰੋੜ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ।



# ਮੁੰਬਈ ਦੀ ਵਿਸ਼ੇਸ਼ ਅਦਾਲਤ ਵੱਲੋਂ ਸ਼ਾਹਰੁਖ ਖਾਨ ਦੇ ਪੁੱਤਰ ਆਰੀਅਨ ਖਾਨ ਨੂੰ ਜ਼ਮਾਨਤ ਦੇਣ ਤੋ ਨਾਂਹ

ਸਫ਼ਾ 1 ਦੀ ਬਾਕੀ

(ਐਨਡੀਪੀਐੱਸ) ਨਾਲ ਸਬੰਧਤ ਕੇਸ ਦੀ ਸੁਣਵਾਈ ਲਈ ਮਨੋਨੀਤ ਵਿਸ਼ੇਸ਼ ਜੱਜ ਵੀ.ਵੀ.ਪਾਟਿਲ ਨੇ ਆਰੀਅਨ ਖ਼ਾਨ, ਉਸ ਦੇ ਦੋਸਤ ਅਰਬਾਜ਼ ਮਰਚੈਂਟ ਤੇ ਫੈਸ਼ਨ ਮਾਡਲ ਮੁਨਮੁਨ ਧਮੇਚਾ ਵੱਲੋਂ ਦਾਇਰ ਜ਼ਮਾਨਤ ਅਰਜ਼ੀਆਂ ਨੂੰ ਰੱਦ ਕਰ ਦਿੱਤਾ। ਇਸ ਦੌਰਾਨ ਆਰੀਅਨ ਖ਼ਾਨ ਦੇ ਵਕੀਲ ਜ਼ਮਾਨਤ ਲਈ ਬੰਬੇ ਹਾਈ ਕੋਰਟ ਪਹੁੰਚ ਗਏ ਹਨ। ਜਸਟਿਸ ਐੱਨ.ਡਬਲਿਊ ਸਾਂਬਰੇ ਦਾ ਇਕਹਿਰਾ ਬੈਂਚ ਭਲਕੇ ਇਸ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰੇਗਾ। ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਨੇ ਇਨ੍ਹਾਂ ਤਿੰਨਾਂ ਨੂੰ 3 ਅਕਤੂਬਰ ਨੂੰ ਕਥਿਤ ਸਾਜ਼ਿਸ਼ ਘੜਨ, ਨਸ਼ਿਆਂ ਦੀ ਤਸਕਰੀ, ਖਰੀਦ, ਸੇਵਨ ਤੇ ਆਪਣੇ ਕੋਲ ਰੱਖਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਸੀ। ਆਰੀਅਨ ਖ਼ਾਨ ਤੇ ਹੋਰਨਾਂ ਖਿਲਾਫ਼ ਐੱਨਡੀਪੀਐੱਸ ਐਕਟ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਆਰੀਅਨ ਨੇ ਆਪਣੀ ਜ਼ਮਾਨਤ ਅਰਜ਼ੀ ਵਿੱਚ ਐੱਨਸੀਬੀ ਦੇ ਇਸ ਦਾਅਵੇ ਕਿ ਉਹ ਨਸ਼ਾ ਤਸਕਰੀ ਤੇ ਸਾਜ਼ਿਸ਼ ਘੜਨ ਵਿੱਚ ਸ਼ਾਮਲ ਸੀ, ਨੂੰ ਹਾਸੋਹੀਣਾ ਕਰਾਰ ਦਿੰਦਿਆਂ ਕਿਹਾ ਸੀ ਕਿ ਉਸ ਕੋਲ ਹੁਣ ਤੱਕ ਕਿਸੇ ਤਰ੍ਹਾਂ ਦਾ ਨਸ਼ਾ ਬਰਾਮਦ ਨਹੀਂ ਹੋਇਆ। ਉਧਰ ਐੱਨਸੀਬੀ ਨੇ ਜ਼ਮਾਨਤ ਅਰਜ਼ੀ ਦਾ ਇਹ ਕਹਿੰਦਿਆਂ ਵਿਰੋਧ ਕੀਤਾ ਕਿ ਆਰੀਅਨ ਖ਼ਾਨ ਪਿਛਲੇ ਕੁਝ ਸਾਲਾਂ ਤੋਂ ਨਸ਼ਿਆਂ ਦਾ ਸੇਵਨ ਕਰ ਰਿਹਾ ਹੈ ਤੇ ਅਜਿਹੇ ਲੋਕਾਂ ਦੇ ਸੰਪਰਕ ਵਿੱਚ ਸੀ, ਜੋ ਨਸ਼ਿਆਂ ਦੀ ਦਲਾਲੀ ਦੌਰਾਨ ਕੌਮਾਂਤਰੀ ਡਰੱਗ ਨੈੱਟਵਰਕ ਦਾ ਹਿੱਸਾ ਰਹੇ ਹਨ। ਏਜੰਸੀ ਨੇ ਆਰੀਅਨ ਖ਼ਾਨ ਦੀਆਂ ਵਟਸਐਪ ਚੈਟਾਂ ਦਾ ਵੀ ਹਵਾਲਾ ਦਿੱਤਾ।

# ਪੰਜਾਬ ਸਰਕਾਰ ਵੱਲੋਂ ਸਿੰਘ ਬਾਰਡਰ ਅਤੇ ਬੇਰਹਿਮੀ ਨਾਲ ਹੱਤਿਆ....

ਸਫ਼ਾ 1 ਦੀ ਬਾਕੀ

ਅਕਤੂਬਰ ਨੂੰ ਬੇਅਦਬੀ ਦੇ ਦੋਸ਼ਾਂ ਤਹਿਤ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਸਰਕਾਰ ਨੇ ਕਿਹਾ ਹੈ ਕਿ ਏਡੀਜੀਪੀ-ਕਮ-ਡਾਇਰੈਕਟਰ ਬਿਊਰੋ ਆਫ਼ ਇਨਵੈਸਟੀਗੇਸ਼ਨ ਵਰਿੰਦਰ ਕੁਮਾਰ ਲੋੜ ਪੈਣ 'ਤੇ ਤਫਤੀਸ਼ ਲਈ ਸੂਬੇ ਵਿੱਚ ਤਾਇਨਾਤ ਹੋਰ ਕਿਸੇ ਵੀ ਪੁਲੀਸ ਅਧਿਕਾਰੀਆਂ ਦੀਆਂ ਸੇਵਾਵਾਂ ਲੈ ਸਕਦੇ ਹਨ। ਇਸ ਸਬੰਧ ਵਿੱਚ ਵਧੀਕ ਡੀਜੀਪੀ ਪੰਜਾਬ ਪੁਲੀਸ ਦੇ ਕਿਸੇ ਵੀ ਹੋਰ ਵਿੰਗ/ਯੂਨਿਟ ਦੀ ਸਹਾਇਤਾ ਅਤੇ ਸਹਿਯੋਗ ਲੈਣ ਦੇ ਸਮਰੱਥ ਹਨ। ਸੂਤਰਾਂ ਨੇ ਕਿਹਾ ਕਿ ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਪੁਲੀਸ ਵੱਲੋਂ ਲਗਾਤਾਰ ਜੇਲ੍ਹਾਂ ਅਤੇ ਥਾਣਿਆਂ ਤੋਂ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਨਿਹੰਗ ਅਮਨ ਸਿੰਘ ਬਾਰੇ ਹਾਲ ਦੀ ਘੜੀ ਪੁਲੀਸ ਦੇ ਹੱਥ ਕੋਈ ਜ਼ਿਆਦਾ ਵੱਡੇ ਸਬੂਤ ਨਹੀਂ ਲੱਗੇ ਹਨ। ਪੁਲੀਸ ਵੱਲੋਂ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਪੁਲੀਸ ਕੈਟ ਗੁਰਮੀਤ ਸਿੰਘ ਪਿੰਕੀ ਦਾ ਸੰਪਰਕ ਨਿਹੰਗਾਂ ਨਾਲ ਕਿਵੇਂ ਅਤੇ ਕਿੱਥੇ ਹੋਇਆ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਜੇਲ੍ਹ ਵਿੱਚ ਅਮਨ ਸਿੰਘ ਅਤੇ ਪਿੰਕੀ ਦੇ ਇਕੱਠਿਆਂ ਬੰਦ ਰਹਿਣ ਸਬੰਧੀ ਹੁਣ ਤੱਕ ਕੋਈ ਠੋਸ ਤੱਥ ਸਾਹਮਣੇ ਨਹੀਂ ਆਇਆ ਪਰ ਮੁਲਾਕਾਤ ਕੀਤੇ ਜਾਣ ਸਬੰਧੀ ਪੜਤਾਲ ਕੀਤੀ ਜਾ ਰਹੀ ਹੈ।

# ਸਰਕਾਰ ਤਿੰਨ ਖੇਤੀ ਕਨੂੰਨ ਰੱਦ ਕਰੇ ਤਾਂ ਭਾਜਪਾ ਨਾਲ ਹੱਥ ਮਿਲਾਉਣਾ ਗਲਤ ਨਹੀਂ-ਕੈਪਟਨ

ਸਫ਼ਾ 1 ਦੀ ਬਾਕੀ

2022 ਵਿੱਚ ਨਵੀਂ ਪਾਰੀ ਖੇਡਣ ਬਾਰੇ ਕੈਪਟਨ ਨੇ ਕਿਹਾ, "ਜੇਕਰ 'ਮਹਾਗੱਠਜੋੜ' ਨੇ ਚਾਹਿਆ ਤਾਂ ਮੂਹਰੇ ਹੋ ਕੇ ਕਮਾਨ ਸੰਭਾਲਾਂਗਾ। ਪਹਿਲਾਂ ਮੇਰਾ ਸਰਗਰਮ ਸਿਆਸਤ ਤੋਂ ਸੰਨਿਆਸ ਲੈਣ ਦਾ ਵਿਚਾਰ ਸੀ, ਪਰ ਹੁਣ ਨਹੀਂ।" ਇੰਟਰਵਿਊ ਦੌਰਾਨ ਭਾਜਪਾ ਨਾਲ ਸੀਟਾਂ ਦੇ ਲੈਣ-ਦੇਣ ਤੇ ਕੇਂਦਰ 'ਚ ਕੋਈ ਭੂਮਿਕਾ ਦਿੱਤੇ ਜਾਣ ਨੂੰ ਲੈ ਕੇ ਪੁੱਛੇ ਇਕ ਸਵਾਲ ਦੇ ਜਵਾਬ ਵਿੱਚ ਅਮਰਿੰਦਰ ਸਿੰਘ ਨੇ ਕਿਹਾ ਕਿ ਹਾਲ ਦੀ ਘੜੀ ਅਜਿਹੀ ਕੋਈ ਚਰਚਾ ਨਹੀਂ ਹੋਈ। ਉਨ੍ਹਾਂ ਕਿਹਾ, "ਮੈਂ ਦੋ ਵਾਰ ਸੰਸਦ ਮੈਂਬਰ ਰਿਹਾ ਹਾਂ ਤੇ ਦੋਵੇਂ ਵਾਰ ਮੈਂ ਅਸਤੀਫ਼ਾ ਦਿੱਤਾ। ਮੇਰਾ ਦਿਲ ਪੰਜਾਬ ਵਿੱਚ ਹੈ। ਉਹ ਮੈਨੂੰ ਰੱਖਿਆ, ਖੇਤੀ ਜਾਂ ਫਿਰ ਕੋਈ ਹੋਰ ਮੰਤਰਾਲਾ ਦੇਣ ਦੀ ਪੇਸ਼ਕਸ਼ ਕਰਨ, ਪਰ ਮੈਂ ਸਿਰਫ਼ ਪੰਜਾਬ ਵਿੱਚ ਹੀ ਰਹਾਂਗਾ।" ਅਮਰਿੰਦਰ ਨੇ ਕਿਹਾ ਕਿ ਉਨ੍ਹਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਪੱਤਰ ਲਿਖਿਆ ਸੀ ਕਿ ਪੰਜਾਬ ਵਿਧਾਨ ਸਭਾ ਦੀਆਂ ਅਗਾਮੀ ਚੋਣਾਂ ਉਨ੍ਹਾਂ ਦੀ ਅਗਵਾਈ 'ਚ ਹੀ ਲੜੀਆਂ ਜਾਣ, ਪਾਰਟੀ ਦੇ ਜਿੱਤਣ 'ਤੇ ਉਹ ਖੁ ?ਦ ਲਾਂਭੇ ਹੋ ਜਾਣਗੇ ਤੇ ਪਾਰਟੀ ਪ੍ਰਧਾਨ ਨਵੇਂ ਮੁੱਖ ਮੰਤਰੀ ਦੀ ਚੋਣ ਕਰ ਲੈਣ। ਪੰਜਾਬ ਵਿੱਚ ਉਨ੍ਹਾਂ (ਕੈਪਟਨ) ਖ਼ਿਲਾਫ਼ ਸੱਤਾ ਵਿਰੋਧੀ ਲਹਿਰ ਚੱਲਣ ਬਾਰੇ ਪੁੱਛੇ ਜਾਣ 'ਤੇ ਕੈਪਟਨ ਨੇ ਕਿਹਾ ਕਿ ਤਿੰਨ ਮਹੀਨਿਆਂ 'ਚ ਪਤਾ ਲੱਗ ਜਾਵੇਗਾ ਕਿ ਬਹੁਮਤ ਕਿਸ ਪਾਸੇ ਹੈ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"



REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

## ਐਡਮਿੰਟਨ ਸਿਟੀ ਕੌਂਸਲ ਲਈ ਰਿਕਾਰਡ 8 ਔਰਤਾਂ ਚੁਣੀਆਂ ਗਈਆਂ

ਐਡਮਿੰਟਨ-ਐਡਮਿੰਟਨ ਵਾਸੀ ਚਾਹੁੰਦੇ ਹਨ ਕਿ ਔਰਤਾਂ ਫੈਸਲਾ ਲੈਣ ਵਾਲੇ ਹਾਊਸ ਵਿਚ ਹੋਣ। ਇਹ ਇਤਿਹਾਸਕ ਚੋਣਾਂ ਦਾ ਸਿੱਟਾ ਹੈ ਜਿਸ ਵਿਚ ਪਹਿਲੀ ਅਲਬਰਟਾ ਦੇ ਰਾਜਧਾਨੀ ਸਹਿਰ ਦੀ ਪਹਿਲੀ ਗੈਰ ਗੋਰੀ ਔਰਤ ਮੇਅਰ ਚੁਣੀ ਗਈ ਹੈ ਅਤੇ ਕੌਂਸਲ ਵਿਚ ਔਰਤਾਂ ਵਿਚੋਂ ਬਹੁਤੀਆਂ ਗੈਰ ਗੋਰੀਆਂ ਔਰਤਾਂ ਸ਼ਾਮਿਲ ਹਨ। ਮੁੜ ਚੁਣੀ ਗਈ ਕੌਂਸਲਰ ਸਾਰਾਹ ਹੈਮਿਲਟਨ ਨੇ ਸੀਟੀਵੀ ਨਿਊਜ਼ ਐਡਮਿੰਟਨ ਨੂੰ ਦੱਸਿਆ ਕਿ ਮੇਰਾ ਮੰਨਣਾ ਕਿ ਕੌਂਸਲ ਵਿਚ ਵਿਭਿੰਨਤਾ, ਸਾਡੇ ਚੁਣੇ ਹੋਏ ਪ੍ਰਤੀਨਿਧਤਾ ਵਿਚ ਵਿਭਿੰਨਤਾ ਦੀ ਲੋੜ ਬਾਰੇ ਪਿਛਲੇ ਦੋ ਜਾਂ ਤਿੰਨ ਸਾਲ ਤੋਂ ਬਹੁਤ ਸਾਰੀ ਚਰਚਾ ਹੁੰਦੀ ਰਹੀ ਹੈ। ਐਡਮਿੰਟਨ ਦੇ 12 ਵਾਰਡਾਂ ਵਿਚੋਂ ਔਰਤਾਂ ਨੇ 8 'ਤੇ ਚੋਣ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ।

## ਹਥਿਆਰਬੰਦ ਤੇ ਖ਼ਤਰਨਾਕ ਸਮਝਿਆ ਜਾਂਦਾ ਵਿਅਕਤੀ ਜਨਤਾ ਲਈ ਤੁਰੰਤ ਖ਼ਤਰਾ-ਪੁਲਿਸ

ਵਿਨੀਪੈਗ-ਮਨੀਟੋਬਾ ਆਰਸੀਐਮਪੀ ਜਨਤਾ ਨੂੰ ਹਥਿਆਰਬੰਦ ਅਤੇ ਖਤਰਨਾਕ ਸਮਝੇ ਜਾਂਦੇ ਵਿਅਕਤੀ ਬਾਰੇ ਚਿਤਾਵਨੀ ਦੇ ਰਹੀ ਹੈ ਜਿਸ ਨੂੰ ਆਖਰੀ ਵਾਰ ਸੂਬੇ ਦੇ ਇੰਟਰਲੇਕ ਰੀਜਨ ਵਿਚ ਆਖਰੀ ਵਾਰ ਦੇਖਿਆ ਗਿਆ ਸੀ ਅਤੇ ਵਿਨੀਪੈਗ ਵਿਚ ਉਸ ਇਲਾਕੇ ਵਿਚ ਅਕਸਰ ਆਉਂਦਾ ਰਹਿੰਦਾ ਹੈ। ਆਰਸੀਐਮਪੀ ਨੇ ਕਿਹਾ ਕਿ ਅਧਿਕਾਰੀ 38 ਸਾਲਾ ਵੇਸਲੇ ਮੈਨਫਰੇਡ ਵੈਡੀਅਨ ਦੀ ਸਰਗਰਮੀ ਨਾਲ ਭਾਲ ਕਰ ਰਹੇ ਜਿਹੜਾ ਕਈ ਗ੍ਰਿਫ਼ਤਾਰੀ ਵਾਰੰਟਾਂ ਸਮੇਤ ਧਮਕੀਆਂ ਦੇਣ ਅਤੇ ਲੋਕਾਂ 'ਤੇ ਹਥਿਆਰ ਤਾਨਣ ਦੇ ਸਬੰਧ ਵਿਚ ਲੋੜੀਂਦਾ ਹੈ। ਹੁਣ ਜਦੋਂ ਜਾਂਚ ਜਾਰੀ ਹੈ ਤਾਂ ਆਰਸੀਐਮਪੀ ਦਾ ਮੰਨਣਾ ਕਿ ਵੇਸ ਵੈਡੀਅਨ ਆਮ ਜਨਤਾ ਲਈ ਤਤਕਾਲ ਖ਼ਤਰਾ ਹੈ।

## ਓਨਟਾਰੀਓ ਪ੍ਰੀਮੀਅਰ ਫੋਰਡ ਵਲੋਂ ਇਮੀਗ੍ਰੇਸ਼ਨ ਬਾਰੇ ਟਿੱਪਣੀਆਂ ਲਈ ਮੁਆਫੀ ਮੰਗਣ ਤੋਂ ਇਨਕਾਰ



ਟੋਰਾਂਟੋ-ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਬੇਰੋਜ਼ਗਾਰੀ ਲਾਭ ਲੈਣ (ਡੋਲ) ਲਈ ਸੂਬੇ ਨੂੰ ਆ ਰਹੇ ਇਮੀਗ੍ਰਾਂਟਾਂ ਬਾਰੇ ਟਿੱਪਣੀਆਂ ਲਈ ਮੁਆਫੀ ਮੰਗਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਇਸ ਦੀ ਬਜਾਏ ਕਿਹਾ ਕਿ ਉਹ ਇਮੀਗ੍ਰੇਸ਼ਨ ਪੱਖੀ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੋਰਡ ਨੇ ਕਿਹਾ ਕਿ ਸੂਬੇ ਵਿਚ ਲੇਬਰ ਦੀ ਘਾਟ ਹੈ ਅਤੇ ਉਨ੍ਹਾਂ ਲੋਕਾਂ ਨੂੰ ਸੂਬੇ ਵਿਚ ਕੰਮ ਕਰਨ ਲਈ ਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਦੁਨੀਆ ਭਰ ਤੋਂ ਲੋਕਾਂ ਦੀ ਸਖਤ ਲੋੜ ਹੈ ਪਰ ਫਿਰ ਪ੍ਰੀਮੀਅਰ ਨੇ ਸਪਸ਼ਟ ਕੀਤਾ ਕਿ ਉਹ ਚਾਹੁੰਦੇ ਹਨ ਕਿ ਕੇਵਲ ਸਖਤ ਮਿਹਨਤ ਕਰਨ ਵਾਲੇ ਲੋਕ ਹੀ ਓਨਟਾਰੀਓ ਆਉਣ। ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਸਰਕਾਰ ਤੋਂ ਬੇਰੋਜ਼ਗਾਰੀ ਦਾ ਲਾਭ ਲੈਣ ਅਤੇ ਇਥੇ ਬੈਠਣ ਲਈ ਆ ਰਹੇ ਹੋ ਤਾਂ ਅਜਿਹਾ ਨਹੀਂ ਚੱਲੇਗਾ। ਕਿਸੇ ਹੋਰ ਥਾਂ ਜਾਉ। ਕੁਝ ਦੇਸ਼ਾਂ ਵਿਚ 'ਡੋਲ' ਇਕੱਤਰ ਕਰਨ ਨੂੰ ਬੇਰੋਜ਼ਗਾਰੀ ਲਾਭ ਲੈਣ ਵਜੋਂ ਜ਼ਿਕਰ ਕੀਤਾ ਜਾਂਦਾ ਹੈ। ਇਨ੍ਹਾਂ ਟਿੱਪਣੀਆਂ ਪਿੱਛੋਂ ਓਨਟਾਰੀਓ ਦੇ ਕੁਝ ਸਿਆਸਤਦਾਨਾਂ ਨੇ ਵੰਡਪਾਊ ਟਿੱਪਣੀਆਂ ਲਈ ਫੋਰਡ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ ਹੈ। ਓਨਟਾਰੀਓ ਦੇ ਲਿਬਰਲ ਲੀਡਰ ਸਟੀਵਨ ਡੇਲ ਡੂਸਾ ਨੇ ਟੌਵਿਟਰ 'ਤੇ ਕਿਹਾ ਕਿ ਪ੍ਰੀਮੀਅਰ ਨੂੰ ਤਾਂ ਲੋਕਾਂ ਨੂੰ ਇਕਜੁਟ ਕਰਨਾ ਚਾਹੀਦਾ ਹੈ ਨਾ ਕਿ ਸਾਨੂੰ ਹੋਰ ਪਾੜਨਾ ਚਾਹੀਦਾ ਹੈ। ਪ੍ਰਵਾਸੀਆਂ ਦਾ ਪੁੱਤਰ ਹੋਣ ਵਜੋਂ ਉਸ ਨੇ ਸਭ ਪਤਾ ਹੈ ਕਿ ਕਿਵੇਂ ਮੇਰੇ ਮਾਪਿਆਂ ਵਰਗੇ ਲੋਕਾਂ ਨੇ ਓਨਟਾਰੀਓ ਨੂੰ ਬਣਾਉਣ ਵਿਚ ਸਹਾਇਤਾ ਕੀਤੀ ਹੈ। ਡੱਗ ਫੋਰਡ ਨੂੰ ਆਪਣੀਆਂ ਬੇਤੁਕੀਆਂ ਟਿੱਪਣੀਆਂ ਲਈ ਮੁਆਫੀ ਮੰਗਣੀ ਚਾਹੀਦੀ ਹੈ। ਓਨਟਾਰੀਓ ਦੇ ਐਨਡੀਪੀ ਨੇਤਾ ਐਂਡਰੀਆ ਹੋਰਵਾਥ ਨੇ ਕਿਹਾ ਕਿ ਟਿੱਪਣੀਆਂ ਪ੍ਰਵਾਸੀਆਂ ਬਾਰੇ ਘਟੀਆ ਸੋਚ ਹੈ ਜਦਕਿ ਓਨਟਾਰੀਓ ਗਰੀਨ ਪਾਰਟੀ ਲੀਡਰ ਮਾਈਕ ਸ਼੍ਰੇਨਰ ਨੇ ਕਿਹਾ ਕਿ ਇਹ ਕਹਿਣਾ ਕਿ ਨਵੇਂ ਆ ਰਹੇ ਲੋਕ ਮਿਹਨਤੀ ਨਹੀਂ ਮੁਆਫ ਕਰਨਯੋਗ ਹੈ।

## ਪਰਮੀਸ਼ ਵਰਮਾ ਨਾਲ ਸ਼ੈਰੀ ਮਾਨ ਹੋਇਆ ਨਾਰਾਜ਼



ਸਰੀ-ਪਿਛਲੇ ਦਿਨੀ ਪੰਜਾਬੀ ਗਾਇਕ ਪਰਮੀਸ਼ ਵਰਮਾ ਦੇ ਵਿਆਹ ਵਿਚ ਸ਼ਾਮਿਲ ਹੋਇਆ ਉਸ ਦਾ ਜਿਗਰੀ ਯਾਰ ਤੇ ਮਸ਼ਹੂਰ ਪੰਜਾਬੀ ਗਾਇਕ ਵਰਮਾ ਦੀਆਂ ਕੁਝ ਗੱਲਾਂ ਨੂੰ ਲੈ ਕੇ ਨਾਰਾਜ਼ ਹੋ ਗਿਆ। ਸ਼ੈਰੀ ਨੇ ਆਪਣੀ ਨਾਰਾਜ਼ਗੀ ਫੇਸਬੁੱਕ 'ਤੇ ਲਾਈਵ ਹੋ ਕੇ ਦੱਸੀ। ਸ਼ੈਰੀ ਮਾਨ ਮੁਤਾਬਿਕ ਜਦੋਂ ਉਹ ਪਰਮੀਸ਼ ਤੇ ਉਸ ਦੀ ਪਤਨੀ ਨੂੰ ਉਨ੍ਹਾਂ ਦੇ ਵਿਆਹ ਲਈ ਵਧਾਈ ਦੇਣ ਗਿਆ ਤਾਂ ਪਰਮੀਸ਼ ਵਰਮਾ ਨੇ ਸ਼ੈਰੀ ਨੂੰ ਪੇਸ਼ਕਾਰੀ ਦੇਣ ਲਈ ਕਿਹਾ। ਪਰਮੀਸ਼ ਨੇ ਕਿਹਾ ਕਿ ਉਹ ਉਨੀ ਦੇਰ ਤੱਕ ਸਟੇਜ 'ਤੇ ਨਹੀਂ ਜਾਵੇਗਾ ਜਿੰਨਾ ਚਿਰ ਸ਼ੈਰੀ ਮਾਨ ਉਸ ਲਈ ਇਕ ਗੀਤ ਨਹੀਂ ਗਾਵੇਗਾ। ਸ਼ੈਰੀ ਦਾ ਕਹਿਣਾ ਕਿ ਤੁਸੀਂ ਡਰੇਕ ਜਾਂ ਟਰੂਡੋ ਨਹੀਂ ਜਿਸ ਲਈ ਉਹ ਪ੍ਰੋਗਰਾਮ ਪੇਸ਼ ਕਰੇ। ਤੁਸੀਂ ਮੇਰੇ ਦੋਸਤ ਹੋ ਅਤੇ ਇਸ ਕਾਰਨ ਹੀ ਉਹ ਤੁਹਾਡੇ ਵਿਆਹ 'ਤੇ ਖੁਸ਼ੀ ਸਾਂਝੀ ਕਰਨ ਤੇ ਵਧਾਈ ਦੇਣ ਆਇਆ ਸੀ ਪਰ ਤੁਸੀਂ ਘੁਮੰਡ ਦੇ ਵੱਖਰੇ ਮੂੜ ਵਿਚ ਦਿਸੇ। ਇਕੱਲੀ ਇਸ ਗੱਲ ਨਾਲ ਹੀ ਸ਼ੈਰੀ ਪਰਮਿਸ਼ ਨਾਲ ਨਾਰਾਜ਼ ਨਹੀਂ ਹੋਇਆ, ਉਹ ਪਰਮਿਸ਼ ਵਲੋਂ ਵਿਆਹ ਵਾਲੇ ਪੈਲੇਸ ਅੰਦਰ ਸ਼ੈਰੀ ਨੂੰ ਆਪਣਾ ਮੋਬਾਈਲ ਫੋਨ ਨਾ ਲਿਜਾਣ ਲਈ ਕਹੇ ਜਾਣ ਤੋਂ ਵੀ ਨਾਰਾਜ਼ ਹੈ। ਸ਼ੈਰੀ ਨੇ ਕਿਹਾ ਕਿ ਉਹ ਕੋਈ ਪੱਤਰਕਾਰ ਨਹੀਂ ਅਤੇ ਤੁਸੀਂ ਕੋਈ ਡਰੇਕ ਨਹੀਂ ਕਿ ਅੰਦਰ ਜਾਣ ਤੋਂ ਪਹਿਲਾਂ ਤੁਸੀਂ ਮੇਰਾ ਫੋਨ ਬਾਹਰ ਰਖਵਾ ਲਉ। ਸ਼ੈਰੀ ਨੇ ਇੰਸਟਾਗ੍ਰਾਮ 'ਤੇ ਵੀ ਆਪਣੀ ਨਿਰਾਸ਼ਾ ਜ਼ਾਹਿਰ ਕੀਤੀ ਹੈ ਪਰ ਪਰਮਿਸ਼ ਵਰਮਾ ਨੇ ਇਸ ਮਾਮਲੇ ਬਾਰੇ ਅਜੇ ਤਕ ਆਪਣਾ ਪੱਖ ਨਹੀਂ ਰੱਖਿਆ।

## ਨਸ਼ੀਲੇ ਪਦਾਰਥ, ਨਕਦੀ ਤੇ ਮੋਟਰਗੱਡੀ ਸਾਊਥ ਸਰੀ ਵਿਚੋਂ ਜ਼ਬਤ

ਸਰੀ-ਪੁਲਿਸ ਨੇ ਦੱਸਿਆ ਕਿ ਦੱਖਣੀ ਸਰੀ ਵਿਚ ਇਸ ਮਹੀਨੇ ਦੇ ਸ਼ੁਰੂ ਵਿਚ ਪ੍ਰੋਐਕਟਿਵ ਪੈਟਰੋਲਸ ਨੇ ਨਸ਼ੀਲੇ ਪਦਾਰਥ, ਨਕਦੀ ਤੇ ਇਕ ਮੋਟਰ ਗੱਡੀ ਬਰਾਮਦ ਕੀਤੀ ਸੀ। ਨਿਊਜ਼ ਰਿਲੀਜ਼ ਮੁਤਾਬਿਕ ਕਮਿਊਨਿਟੀ ਰਿਸਪਾਂਸ ਯੂਨਿਟ ਨਾਲ ਜੁੜੇ ਅਫਸਰਾਂ ਨੂੰ 152 ਵੀਂ ਸਟਰੀਟ ਦੇ 3000 ਬਲਾਕ ਵਿਚ ਮੋਟਰ ਗੱਡੀ ਦੇ ਇਕ ਡਰਾਈਵਰ ਤੇ ਇਕ ਪੈਦਲ ਤੁਰ ਰਹੇ ਵਿਅਕਤੀ ਵਿਚਕਾਰ ਡਰੱਗ ਤਸਕਰੀ ਦੇ ਲੈਣ ਦੇਣ ਦਾ ਸ਼ੱਕ ਹੋਇਆ। ਇਹ ਘਟਨਾ 8 ਅਕਤੂਬਰ ਨੂੰ ਸ਼ਾਮ ਪੰਜ ਵਜੇ ਵਾਪਰੀ। ਸਿੱਟੇ ਵਜੋਂ 27 ਸਾਲਾ ਸਰੀ ਦੇ ਵਿਅਕਤੀ ਅਤੇ ਨਿਊ ਵੈਸਟਮਿਨਸਟਰ ਦੀ 25 ਸਾਲਾ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਨੂੰ ਮੌਕੇ 'ਤੇ ਹੀ ਰਿਹਾਅ ਕਰ ਦਿੱਤਾ ਗਿਆ। ਪੁਲਿਸ ਨੇ ਉਨ੍ਹਾਂ ਕੋਲੋਂ 151 ਔਕਸੀਕੋਡੋਨ ਦੀਆਂ ਗੋਲੀਆਂ, ਮੌਰਫਿਨ ਦੀਆਂ 51 ਗੋਲੀਆਂ ਅਤੇ 21 ਗਰਾਮ ਕੋਕੀਨ ਬਰਾਮਦ ਕੀਤੀ। ਮੋਟਰਗੱਡੀ ਵਿਚੋਂ 4685 ਡਾਲਰ ਨਕਦ ਬਰਾਮਦ ਕੀਤੇ ਗਏ। ਇਹ ਜਾਣਕਾਰੀ ਕੰਸਟੇਬਲ ਸਰਬਜੀਤ ਕੌਰ ਸੰਘਾ ਨੇ ਦਿੱਤੀ।

## ਵੈਨਕੂਵਰ ਦੇ ਮੇਅਰ ਨੇ ਮੱਧ ਵਰਗੀ ਪਰਿਵਾਰਾਂ ਲਈ ਕਿਫਾਇਤਾਂ ਘਰਾਂ ਦੇ ਪ੍ਰੋਗਰਾਮ ਦਾ ਮੁੜ ਕੀਤਾ ਐਲਾਨ

ਵੈਨਕੂਵਰ-ਲਗਦਾ ਹੈ ਕਿ ਵੈਨਕੂਵਰ ਦੇ ਮੇਅਰ ਕੈਨੇਡੀ ਸਟੇਵਾਰਟ ਸਹਿਰ ਵਿਚ ਹੋਰ ਜ਼ਿਆਦਾ ਸਸਤੇ ਘਰ ਬਣਾਉਣ ਦੇ ਉਦੇਸ਼ ਨਾਲ ਇਕ ਉਤਸ਼ਾਰੀ ਪਾਇਲਟ ਪ੍ਰੋਗਰਾਮ ਦਾ ਐਲਾਨ ਕਰਕੇ ਆਪਣੇ ਦੁਬਾਰਾ ਚੋਣ ਪ੍ਰਚਾਰ ਦੀ ਸ਼ੁਰੂਆਤ ਕਰਨ ਦਾ ਯਤਨ ਕਰ ਰਹੇ ਹਨ। ਬੁੱਧਵਾਰ ਕੀਤੇ ਇਕ ਐਲਾਨ ਵਿਚ ਸਟੇਵਾਰਟ ਨੇ ਉਸੇ ਪ੍ਰਸਤਾਵ ਦੀ ਰੂਪ ਰੇਖਾ ਪੇਸ਼ ਕੀਤੀ ਜਿਹੜਾ ਉਨ੍ਹਾਂ ਪਿਛਲੀ ਪਤਝੜ ਵਿਚ ਕੌਂਸਲ ਵਿਚ ਲਿਆਂਦਾ ਸੀ। ਸਟੇਵਾਰਟ ਨੇ ਕਿਹਾ ਕਿ ਘਰ ਬਣਾਉਣਾ ਇਕ ਨਵੀਂ ਯੋਜਨਾ ਹੈ ਤਾਂ ਜੋ ਮੱਧ ਮਰਗੀ ਅਤੇ ਨਵੇਂ ਕੈਨੇਡੀਅਨ ਪਰਿਵਾਰ ਆਪਣਾ ਪਹਿਲਾ ਘਰ ਖਰੀਦ ਸਕਣ ਅਤੇ ਇਸ ਵਿਚ ਇਕ ਥਾਂ 6 ਜ਼ਮੀਨ-ਆਧਾਰਤ ਯੂਨਿਟਸ ਬਣਾਉਣੇ ਵੀ ਸ਼ਾਮਿਲ ਹੈ। ਜੇਕਰ ਮਨਜ਼ੂਰੀ ਮਿਲ ਗਈ ਤਾਂ ਯੋਜਨਾ ਸਮੁੱਚੇ ਵੈਨਕੂਵਰ ਮੱਧ ਵਰਗੀ ਪਰਿਵਾਰਾਂ ਨੂੰ ਇਕੱਲਾ ਡੀਟੈਚਡ ਨੇਬਰਹੁੱਡਸ ਵਿਚ ਘਰ ਖਰੀਦਣ ਲਈ 10000 ਨਵੇਂ ਕਿਫਾਇਤੀ ਘਰਾਂ ਦੀ ਪੇਸ਼ਕਸ਼ ਕਰ ਸਕਦੀ ਹੈ।

## ਅਲਬਰਟਾ ਵਿਚ ਕੋਵਿਡ-19 ਨਾਲ ਹੁਣ ਤੱਕ 3000 ਤੋਂ ਵੱਧ ਮੌਤਾਂ-786 ਨਵੇਂ ਮਾਮਲੇ ਦਰਜ



ਐਡਮਿੰਟਨ-18 ਨਵੀਆਂ ਮੌਤਾਂ ਹੋਣ ਨਾਲ ਅਲਬਰਟਾ ਵਿਚ ਹੁਣ ਤਕ ਕੋਵਿਡ-19 ਨਾਲ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 3000 ਤੋਂ ਟੱਪ ਗਈ ਹੈ ਅਤੇ 786 ਨਵੇਂ ਮਾਮਲੇ ਦਰਜ ਕੀਤੇ ਗਏ ਹਨ। ਮੌਤਾਂ ਵੱਖ ਵੱਖ ਦਿਨਾਂ ਵਿਚ ਹੋਈਆਂ ਹਨ ਅਤੇ ਮਰਨ ਵਾਲੇ ਵਿਅਕਤੀ 30 ਦੇ ਦਹਾਕੇ ਤੋਂ ਲੈ ਕੇ 80 ਦੇ ਦਹਾਕੇ ਦੀ ਉਮਰ ਦੇ ਸਨ। ਤਾਜ਼ਾ ਮੌਤਾਂ ਨਾਲ ਕੋਵਿਡ-19 ਕਾਰਨ ਮੌਤਾਂ ਦੀ ਗਿਣਤੀ 3006 ਹੋ ਗਈ ਹੈ। ਪਿਛਲੇ ਹਫ਼ਤੇ ਅਲਬਰਟਾ ਵਿਚ ਕੋਵਿਡ-19 ਨਾਲ ਹਰ ਰੋਜ਼ ਲਗਪਗ 10 ਮੌਤਾਂ ਹੋਈਆਂ ਹਨ। 928 ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨ੍ਹਾਂ ਵਿਚੋਂ 203 ਆਈਸੀਯੂ ਵਿਚ ਦਾਖਲ ਹੈ। ਸੂਬੇ ਵਿਚ ਹੁਣ 10842 ਐਕਟਿਵ ਮਾਮਲੇ ਹਨ। 73.4 ਫ਼ੀਸਦੀ ਯੋਗ ਅਲਬਰਟਾ ਵਾਸੀਆਂ ਦੇ ਇਕ ਟੀਕਾ ਅਤੇ 66.2 ਫ਼ੀਸਦੀ ਦੋਵੇਂ ਟੀਕੇ ਲੱਗ ਚੁੱਕੇ ਹਨ। ਜਿਨ੍ਹਾਂ ਅਲਬਰਟਾ ਵਾਸੀਆਂ ਨੇ ਟੀਕਾ ਨਹੀਂ ਲਗਵਾਇਆ ਉਨ੍ਹਾਂ ਲਈ ਕੋਵਿਡ-19 ਦੇ ਸੰਪਰਕ ਵਿਚ ਆਉਣ ਨਾਲ ਗੰਭੀਰ ਸਿੱਟੇ ਹੋ ਸਕਦੇ ਹਨ ਜਿਸ ਵਿਚ ਹਸਪਤਾਲ ਵਿਚ ਦਾਖਲ ਹੋਣਾ ਜਾਂ ਮੌਤ ਸ਼ਾਮਿਲ ਹੈ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਸੁਪਰੀਮ ਕੋਰਟ ਨੇ ਕਿਸਾਨ ਜਥੇਬੰਦੀਆਂ ਨੂੰ ਜਵਾਬ ਲਈ ਤਿੰਨ ਹਫ਼ਤੇ ਦਾ ਸਮਾਂ ਦਿੱਤਾ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਕਿਸਾਨ ਅੰਦੋਲਨ ਬਾਰੇ ਕਿਹਾ ਕਿ ਵਿਰੋਧ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਹੱਕ ਹੈ ਪਰ ਉਹ ਅਣਮਿੱਥੇ ਸਮੇਂ ਲਈ ਸੜਕਾਂ ਨੂੰ ਰੋਕ ਨਹੀਂ ਸਕਦੇ। ਸੁਪਰੀਮ ਕੋਰਟ ਨੇ ਕਿਹਾ ਕਿ ਆਖਰਕਾਰ ਕੋਈ ਨਾ ਕੋਈ ਹੱਲ ਲੱਭਣਾ ਹੀ ਪਵੇਗਾ। ਅਸੀਂ ਵਿਰੋਧ ਕਰਨ ਦੇ ਹੱਕ ਦੇ ਵਿਰੁੱਧ ਨਹੀਂ ਹਾਂ। ਭਾਵੇਂ ਕਾਨੂੰਨ ਨੂੰ ਦਿੱਤੀ ਚੁਣੌਤੀ ਬਕਾਇਆ ਹੈ ਪਰ ਸੜਕਾਂ ਨੂੰ ਰੋਕਿਆ ਨਹੀਂ ਜਾ ਸਕਦਾ। ਪ੍ਰਦਰਸ਼ਨਕਾਰੀਆਂ ਨੂੰ ਦਿੱਲੀ ਸਰਹੱਦਾਂ ਤੋਂ ਹਟਾਉਣ ਸਬੰਧੀ ਪਾਈ ਪਟੀਸ਼ਨ 'ਤੇ ਜਵਾਬ ਦੇਣ ਲਈ ਕਿਸਾਨ ਯੂਨੀਅਨਾਂ ਨੂੰ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਗਿਆ ਹੈ।

### ਸੜਕਾਂ ਅਸੀਂ ਨਹੀਂ ਪੁਲਿਸ ਨੇ ਰੋਕੀਆਂ ਹਨ-ਕਿਸਾਨ ਆਗੂਆਂ ਦਾ ਜਵਾਬ

ਨਵੀਂ ਦਿੱਲੀ-ਭਾਰਤੀ ਕਿਸਾਨ ਯੂਨੀਅਨ(ਟਿਕੈਤ) ਵੱਲੋਂ ਗਾਜ਼ੀਪੁਰ ਬਾਰਡਰ ਤੋਂ ਕਿਸਾਨਾਂ ਨੂੰ ਹਟਾਉਣ ਦੀਆਂ ਅਫ਼ਵਾਹਾਂ ਦਾ ਖੰਡਨ ਕਰਦੇ ਹੋਏ ਕਿਹਾ ਗਿਆ ਕਿ ਕਿਸਾਨਾਂ ਨੂੰ ਦਿੱਲੀ ਪੁਲੀਸ ਨੇ ਹੀ ਕੌਮੀ ਮਾਰਗਾਂ ਉਪਰ ਕੰਡਿਆਲੀਆਂ ਤਾਰਾਂ ਲਾ ਕੇ ਡੱਕਿਆ ਹੋਇਆ ਹੈ ਨਾ ਕਿ ਕਿਸਾਨਾਂ ਨੇ ਕੋਈ ਰਾਹ ਰੋਕਿਆ ਹੋਇਆ ਹੈ। ਭਾਰਤੀ ਕਿਸਾਨ ਯੂਨੀਅਨ ਟਿਕੈਤ ਧੜੇ ਦੇ ਆਗੂ ਸੌਰਭ ਉਪਾਧਿਆਏ ਨੇ ਕਿਹਾ ਕਿ ਗਾਜ਼ੀਪੁਰ ਹੱਦ ਖਾਲੀ ਕਰਨ ਦੀਆਂ ਭਰਮ ਫੈਲਾਉਣ ਵਾਲੀਆਂ ਰਿਪੋਰਟਾਂ ਯੂਨੀਅਨ ਰੱਦ ਕਰਦੀ ਹੈ। ਉਨ੍ਹਾਂ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦਾ ਸਤਿਕਾਰ ਕਰਦੇ ਹਨ ਤੇ ਕਿਸਾਨ ਇਹ ਵੀ ਸਪਸ਼ਟ ਕਰ ਦੇਣਾ ਚਾਹੁੰਦੇ ਹਨ ਕਿ ਦਿੱਲੀ ਪੁਲੀਸ ਹੀ ਹੈ, ਜਿਸ ਨੇ ਮੋਰਚੇ ਵਾਲੀ ਥਾਂ ਉਪਰ ਬੈਰੀਕੇਡ ਲਾਏ ਹੋਏ ਹਨ। ਮੋਰਚੇ ਨੇ ਪਹਿਲਾਂ ਵੀ ਮੰਗ ਕੀਤੀ ਹੈ ਕਿ ਪੁਲੀਸ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੇਖਦੇ ਹੋਏ ਲਾਈਆਂ ਰੋਕਾਂ ਹਟਾਏ। ਉਪਾਧਿਆਏ ਨੇ ਕਿਹਾ ਕਿ ਦਿੱਲੀ ਹੋਵੇ ਜਾਂ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਕਿਤੇ ਵੀ ਕਿਸਾਨਾਂ ਨੇ ਕਿਸੇ ਵੀ ਸੜਕ ਉਪਰ ਰੋਕਾਂ ਨਹੀਂ ਲਾਈਆਂ, ਕਿਉਂਕ ਕਿਸਾਨਾਂ ਕੋਲ ਸੜਕਾਂ ਰੋਕਣ ਦੀ ਤਾਕਤ ਨਹੀਂ ਪਰ ਪੁਲੀਸ ਕੋਲ ਇਹ ਜ਼ੋਰ ਹੈ।



## ਪਰਿਵਾਰ ਨਾਲ ਖਾਣਾ ਖਾ ਰਹੇ ਵਿਅਕਤੀ ਨੂੰ ਮਿਥ ਕੇ ਕੀਤੀ ਗੋਲੀਬਾਰੀ 'ਚ ਕੀਤਾ ਸੀ ਜ਼ਖ਼ਮੀ

ਐਡਮਿੰਟਨ-ਪੁਲਿਸ ਨੇ ਦੱਸਿਆ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਸਾਊਥ ਐਡਮਿੰਟਨ ਦੇ ਇਕ ਰੈਸਟੋਰੈਂਟ ਵਿਚ ਆਪਣੇ ਪਰਿਵਾਰ ਨਾਲ ਖਾਣਾ ਖਾ ਰਹੇ ਵਿਅਕਤੀ ਦੇ ਤਾਕੀ ਰਾਹੀਂ ਕਈ ਗੋਲੀਆਂ ਮਾਰੀਆਂ ਗਈਆਂ ਸਨ। 8 ਅਕਤੂਬਰ ਨੂੰ ਰਾਤ 8.20 ਵਜੇ ਦੇ ਲਗਪਗ ਪੀੜਤ ਆਪਣੇ ਪਰਿਵਾਰ ਨਾਲ ਰੈਸਟੋਰੈਂਟ ਵਿਚ ਬੈਠਾ ਹੋਇਆ ਸੀ ਜਦੋਂ ਇਕ ਵਿਅਕਤੀ ਰੈਸਟੋਰੈਂਟ ਦੇ ਬਾਹਰੋਂ ਟੇਬਲ ਦੇ ਲਾਗੇ ਗਿਆ ਅਤੇ ਤਾਕੀ ਰਾਹੀਂ ਕਈ ਗੋਲੀਆਂ ਚਲਾਈਆਂ। ਗੋਲੀਆਂ ਲੱਗਣ ਨਾਲ ਇਹ ਵਿਅਕਤੀ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ। ਘਟਨਾ ਪਿੱਛੋਂ ਬੱਚਿਆਂ ਸਮੇਤ ਉਸ ਦੇ ਪਰਿਵਾਰਕ ਮੈਂਬਰ, ਸਟਾਫ ਤੇ ਗਾਹਕ ਰੈਸਟੋਰੈਂਟ ਤੋਂ ਭੱਜ ਗਏ। ਗੋਲੀ ਚਲਾਉਣ ਵਾਲਾ ਵਿਅਕਤੀ ਮੌਕੇ ਤੋਂ ਪੈਦਲ ਭੱਜ ਗਿਆ ਅਤੇ ਫਿਰ ਇਕ ਐਸਯੂਵੀ ਵਿਚ ਸਵਾਰ ਹੋ ਗਿਆ ਜਿਸ ਨੂੰ ਕੋਈ ਹੋਰ ਵਿਅਕਤੀ ਚਲਾ ਰਿਹਾ ਸੀ।ਪੁਲਿਸ ਸ਼ੂਟਰ ਤੇ ਡਰਾਈਵਰ ਦੀ ਪਛਾਣ ਲਈ ਜਨਤਾ ਨੂੰ ਮਦਦ ਦੀ ਅਪੀਲ ਕਰ ਰਹੀ ਹੈ।

## ਪਲਾਸਟਿਕ ਲਿਫਾਫਿਆਂ 'ਤੇ ਮੁਕੰਮਲ ਪਾਬੰਦੀ ਲਾਉਣ ਵਾਲਾ ਸਰੀ ਪਹਿਲਾ ਸ਼ਹਿਰ ਬਣਿਆ



ਸਰੀ-18 ਅਕਤੂਬਰ ਨੂੰ ਕੌਂਸਲ ਨੂੰ ਵਲੋਂ ਪਲਾਸਟਿਕ ਦੇ ਲਿਫਾਫਿਆਂ ਅਤੇ ਸਿੰਗਲ ਯੂਜ਼ ਵਸਤਾਂ 'ਤੇ ਪਾਬੰਦੀ ਬਾਰੇ ਬਾਈਲਾਅ ਨੂੰ ਆਪਣੀ ਅੰਤਿਮ ਪ੍ਰਵਾਨਗੀ ਦੇਣ ਪਿੱਛੋਂ ਮੈਟਰੋ ਵੈਨਕੂਵਰ ਰੀਜ਼ਨ ਵਿਚ ਸਰੀ ਪਲਾਸਟਿਕ ਚੈਕ-ਆਉਟ ਬੈਗਸ 'ਤੇ ਪਾਬੰਦੀ ਲਾਉਣ ਵਾਲਾ ਪਹਿਲਾ ਸ਼ਹਿਰ ਬਣ ਗਿਆ ਹੈ। ਕੌਂਸਲਰ ਡੱਗ ਐਲਫੋਰਡ ਜਿਹੜੇ ਮੈਟਰੋ ਵੈਨਕੂਵਰ ਲਈ ਜ਼ੀਰੋ ਵੇਸਟ ਕਮੇਟੀ ਦੇ ਮੁਖੀ ਹਨ ਨੇ ਕਿਹਾ ਕਿ ਇਸ ਖੇਤਰ ਵਿਚ ਪਲਾਸਟਿਕ ਥੈਲਿਆਂ ਨੂੰ ਹਟਾਉਣ ਲਈ ਪਹਿਲਾ ਸ਼ਹਿਰ ਬਣਨ 'ਤੇ ਸਟਾਫ ਨੂੰ ਮੁਬਾਰਕਵਾਦ ਦੇਣੀ ਚਾਹੁੰਦਾ ਹੈ। ਕੌਂਸਿਲ ਤੋਂ ਪਹਿਲਾਂ ਸਰੀ ਦੇ ਜਨਰਲ ਮੈਨੇਜਰ ਆਫ ਇੰਜਨੀਅਰਿੰਗ ਸਕੌਟ ਨਿਊਮੈਨ ਨੇ ਕਾਰਪੋਰੇਟ ਰਿਪੋਰਟ ਵਿਚ ਕਿਹਾ ਕਿ ਇਸ ਨਾਲ ਮੁੱਖ ਰੂਪ ਵਿਚ ਗਰੌਸਰੀ ਸਟੋਰਸ, ਰੈਸਟੋਰੈਂਟ, ਬੇਕਰੀਜ਼, ਕੌਫੀ ਸ਼ਾਪਸ, ਕਨਸੈਸ਼ਨਸ, ਸੜਕਾਂ 'ਤੇ ਵੇਚਣ ਵਾਲੇ ਅਤੇ ਮਾਰਕੀਟਸ ਪ੍ਰਭਾਵਤ ਹੋਣਗੀਆਂ। ਨਵੰਬਰ ਤੇ ਦਸੰਬਰ ਵਿਚ ਲਗਾਤਾਰ ਕਮਿਊਨਿਟੀ ਨੂੰ ਬਾਈਲਾਅ ਇਨਫੋਰਸਮੈਂਟ ਨਾਲ ਸਿੱਖਿਆ ਦਿੱਤੀ ਜਾਵੇਗੀ ਅਤੇ ਜਨਵਰੀ ਵਿਚ ਜੁਰਮਾਨੇ ਕਰਨੇ ਸ਼ੁਰੂ ਕੀਤੇ ਜਾਣਗੇ।

## ਕਿਸਾਨਾਂ ਨੇ ਸਿੰਘੂ ਬਾਰਡਰ ਹੱਤਿਆ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਤੱਥ ਖੋਜ ਕਮੇਟੀ ਬਣਾਈ

ਨਵੀਂ ਦਿੱਲੀ-ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਮੀਟਿੰਗ ਕਰਕੇ 15 ਅਕਤੂਬਰ ਨੂੰ ਸਿੰਘੂ ਮੋਰਚੇ 'ਤੇ ਬੇਰਹਿਮੀ ਨਾਲ ਕਤਲ ਕੀਤੇ ਗਏ ਲਖਬੀਰ ਸਿੰਘ ਨਾਲ ਜੁੜੇ ਵੱਖ ਵੱਖ ਪਹਿਲੂਆਂ ਦੀ ਜਾਂਚ ਲਈ ਪੰਜ ਮੈਂਬਰੀ ਤੱਥ ਖੋਜ ਕਮੇਟੀ ਬਣਾਈ ਹੈ। ਇਹ ਕਮੇਟੀ ਤਿੰਨ ਦਿਨਾਂ ਦੇ ਅੰਦਰ ਆਪਣੀ ਰਿਪੋਰਟ ਸੌਂਪੇਗੀ। ਕਮੇਟੀ 'ਚ ਕੰਵਲਪ੍ਰੀਤ ਸਿੰਘ ਪੰਨੂ, ਬਲਦੇਵ ਸਿੰਘ, ਕਾਕਾ ਸਿੰਘ, ਪ੍ਰਗਟ ਸਿੰਘ ਅਤੇ ਜਤਿੰਦਰ ਸਿੰਘ ਛੀਨਾ ਨੂੰ ਸ਼ਾਮਲ ਕੀਤਾ ਗਿਆ ਹੈ। ਕਿਸਾਨ ਆਗੂ ਹਰਮੀਤ ਸਿੰਘ ਕਾਦੀਆਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਇਹ ਫ਼ੈਸਲੇ ਲਏ ਗਏ। ਕਿਸਾਨ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਇਸ ਕਾਂਡ ਦੀ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਹੇਠ ਨਿਆਂਇਕ ਜਾਂਚ ਕਰਵਾਈ ਜਾਵੇ। ਉਨ੍ਹਾਂ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਅਤੇ ਕਿਸਾਨ ਭਲਾਈ ਰਾਜ ਮੰਤਰੀ ਕੈਲਾਸ਼ ਚੌਧਰੀ ਦੇ ਅਸਤੀਫਿਆਂ ਦੀ ਮੰਗ ਵੀ ਕੀਤੀ ਹੈ। ਇਸ ਦੌਰਾਨ ਕਿਸਾਨਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਸਰਕਾਰ ਦੀਆਂ ਮੋਰਚੇ ਖਿਲਾਫ਼ ਚੱਲ ਰਹੀਆਂ ਸਾਜ਼ਿਸ਼ਾਂ ਨੂੰ ਫੇਲ੍ਹ ਕਰਨ ਲਈ ਵੱਡੀ ਗਿਣਤੀ 'ਚ ਪਹੁੰਚ ਕੇ ਮੋਰਚਿਆਂ ਨੂੰ ਮਜ਼ਬੂਤ ਕਰਨ। ਉਧਰ ਲਖੀਮਪੁਰ ਖੀਰੀ 'ਚ ਸ਼ਹੀਦ ਹੋਏ ਕਿਸਾਨਾਂ ਦੀਆਂ ਅਸਥੀਆਂ ਨੂੰ ਕੀਰਤਪੁਰ ਸਾਹਿਬ, ਗੋਇੰਦਵਾਲ ਸਾਹਿਬ ਅਤੇ ਹੁਸੈਨੀਵਾਲਾ 'ਚ 24 ਅਕਤੂਬਰ ਨੂੰ ਜਲਪ੍ਰਵਾਹ ਕਰਨ ਲਈ ਮਾਝੇ, ਮਾਲਵੇ ਅਤੇ ਦੁਆਬੇ 'ਚ 'ਕਲਸ਼ ਯਾਤਰਾ' ਕੱਢਣ ਦਾ ਫੈਸਲਾ ਕੀਤਾ ਗਿਆ ਹੈ।

## ਅੰਬਾਨੀਆਂ ਨੇ ਫਾਈਲਾਂ ਪਾਸ ਕਰਵਾਉਣ ਲਈ 300 ਕਰੋੜ ਰਿਸ਼ਵਤ ਦੀ ਕੀਤੀ ਸੀ ਪੇਸ਼ਕਸ਼-ਰਾਜਪਾਲ ਮਲਿਕ

ਨਵੀਂ ਦਿੱਲੀ-ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆ ਪਾਲ ਮਲਿਕ ਨੇ ਦਾਅਵਾ ਕੀਤਾ ਕਿ ਉਸ ਦੇ ਕਾਰਜਕਾਲ ਦੌਰਾਨ ਅੰਬਾਨੀ ਤੇ ਆਰਐਸਐਸ ਦੇ ਸਮਰਥਕ ਦੀਆਂ ਫਾਈਲਾਂ 'ਤੇ ਸਹੀ ਪਾਉਣ ਲਈ ਉਸ ਨੂੰ 300 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਹੋਈ ਸੀ ਪਰ ਉਸ ਨੇ ਫਾਈਲਾਂ ਅੱਗੇ ਨਹੀਂ ਤੋਰੀਆਂ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਦੇ ਫੈਸਲੇ ਦੀ ਹਮਾਇਤ ਕਰਨ 'ਤੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਭ੍ਰਿਸ਼ਟਾਚਾਰ ਨਾਲ ਸਮਝੌਤਾ ਕਰਨ ਦੀ ਲੋੜ ਨਹੀਂ ਹੈ। ਮੇਘਾਲਿਆ ਦੇ ਰਾਜਪਾਲ ਨੇ ਇਸ ਤੋਂ ਪਹਿਲਾਂ ਕਿਸਾਨ ਅੰਦੋਲਨ ਦੇ ਹੱਕ ਵਿਚ ਡਟਦਿਆਂ ਕਿਹਾ ਸੀ ਕਿ ਜੇ ਭਾਜਪਾ ਨੇ ਕਿਸਾਨਾਂ ਦੀ ਗੱਲ ਨਾ ਸੁਣੀ ਤਾਂ ਉਸ ਨੂੰ ਅਗਲੀਆਂ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਵੇਗਾ। ਉਨ੍ਹਾਂ ਜੰਮੂ-ਕਸ਼ਮੀਰ ਮਾਮਲੇ ਸਬੰਧੀ ਕਿਹਾ ਕਿ ਦੋਵਾਂ ਵਿਭਾਗਾਂ ਦੇ ਸਕੱਤਰਾਂ ਨੇ ਉਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਸੀ ਕਿ ਇਨ੍ਹਾਂ ਮਾਮਲਿਆਂ ਵਿਚ ਘੁਟਾਲਾ ਹੋਇਆ ਹੈ ਜਿਸ ਕਾਰਨ ਉਨ੍ਹਾਂ ਇਹ ਫਾਈਲਾਂ ਅੱਗੇ ਤੋਰਨ ਦੀ ਥਾਂ ਰੱਦ ਕਰ ਦਿੱਤੀਆਂ। ਇਸ ਸਬੰਧੀ ਰਾਜਪਾਲ ਦੀ ਵੀਡੀਓ ਵੀ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਈ। ਇਹ ਮਾਮਲਾ ਰਿਲਾਇੰਸ ਜਨਰਲ ਇੰਸ਼ੋਰੈਂਸ ਕੰਪਨੀ ਵਲੋਂ ਜੰਮੂ ਕਸ਼ਮੀਰ ਮੁਲਾਜ਼ਮਾਂ ਦੀ ਗਰੁੱਪ ਇੰਸ਼ੋਰੈਂਸ ਨਾਲ ਸਬੰਧਤ ਸੀ।

## ਨਿਹੰਗ ਬਾਬਾ ਅਮਨ ਸਿੰਘ ਖਿਲਾਫ ਦਰਜ ਹੈ ਨਸ਼ਾ ਵਿਰੋਧੀ ਐਕਟ ਤਹਿਤ ਕੇਸ

ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਸਿੰਘੂ ਬਾਰਡਰ ਮੋਰਚੇ 'ਤੇ ਲਖਬੀਰ ਸਿੰਘ ਨਾਂ ਦੇ ਨੌਜਵਾਨ ਦੀ ਬੇਰਹਿਮੀ ਨਾਲ ਹੱਤਿਆ ਕਰਨ ਵਾਲੇ ਨਿਹੰਗਾਂ ਨੂੰ ਪੁਲੀਸ ਅੱਗੇ ਆਤਮ ਸਮਰਪਣ ਲਈ ਮਨਾਉਣ ਵਾਲੇ ਬਾਬਾ ਅਮਨ ਸਿੰਘ ਖਿਲਾਫ਼ ਨਸ਼ਾ ਵਿਰੋਧੀ ਐਕਟ ਤਹਿਤ ਕੇਸ ਦਰਜ ਹੈ। ਕੇਂਦਰੀ ਮੰਤਰੀਆਂ ਕੋਲ ਜਾ ਕੇ ਮੀਟਿੰਗਾਂ ਕਰਨ ਵਾਲੇ ਨਿਹੰਗ ਅਮਨ ਸਿੰਘ ਖਿਲਾਫ਼ ਮਹਿਲ ਕਲਾਂ ਪੁਲੀਸ ਨੇ 14 ਜਨਵਰੀ 2018 ਨੂੰ ਐਨਡੀਪੀਐਸ ਐਕਟ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਜਾਂਚ ਦੌਰਾਨ ਬਾਬਾ ਅਮਨ ਸਿੰਘ ਦਾ ਨਾਂ ਸਾਹਮਣੇ ਆਇਆ, ਜਿਸ ਕਰਕੇ ਉਸ ਨੂੰ ਕੇਸ ਸ਼ਾਮਲ ਕਰ ਲਿਆ ਗਿਆ। ਬਾਬਾ ਅਮਨ ਸਿੰਘ ਨੂੰ ਮਗਰੋਂ ਹਾਈਕੋਰਟ ਤੋਂ ਜ਼ਮਾਨਤ ਮਿਲ ਗਈ। ਸੂਤਰਾਂ ਮੁਤਾਬਕ ਪੁਲੀਸ ਵੱਲੋਂ ਉਸ ਕੇਸ ਵਿੱਚ ਅਜੇ ਕੋਰਟ ਵਿੱਚ ਚਲਾਨ ਪੇਸ਼ ਕਰਨਾ ਬਾਕੀ ਹੈ। ਬਾਬੇ ਦਾ ਜੱਦੀ ਪਿੰਡ ਬੱਬਨਪੁਰ, ਧੂਰੀ (ਪੰਜਾਬ) ਹੈ। ਉਸ ਨੂੰ 2018 ਵਿੱਚ ਹੀ ਮਾਪਿਆਂ ਨੇ ਘਰੋਂ ਬੇਦਖ਼ਲ ਕਰ ਦਿੱਤਾ ਸੀ। ਦੱਸਿਆ ਗਿਆ ਹੈ ਕਿ ਉਹ ਪਹਿਲਾਂ ਕਬੱਡੀ ਦਾ ਖਿਡਾਰੀ ਸੀ ਤੇ ਜਵਾਨ ਹੋਣ ਤੱਕ ਨਿਹੰਗ ਸਿੰਘਾਂ ਦੇ ਸੰਪਰਕ ਵਿੱਚ ਆ ਗਿਆ। ਬਾਬਾ ਅਮਨ ਸਿੰਘ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਤੇ ਹੋਰਨਾਂ ਭਾਜਪਾ ਆਗੂਆਂ ਨਾਲ ਕੀਤੀਆਂ ਮੀਟਿੰਗਾਂ ਦੀਆਂ ਤਸਵੀਰਾਂ ਜਨਤਕ ਹੋਣ ਮਗਰੋਂ ਸੁਰਖੀਆਂ ਵਿੱਚ ਆਇਆ ਹੈ।

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ




- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।


ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।


Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com





# .ਗ਼ਜ਼ਲ ਮੰਚ ਸਰੀ ਵੱਲੋਂ ਸ਼ਾਇਰ ਇੰਦਰਜੀਤ ਧਾਮੀ ਦੇ 75ਵੇਂ ਜਨਮ ਦਿਨ 'ਤੇ ਰਚਾਈ ਕਾਵਿ ਮਹਿ.ਫਿਲ

ਸਰੀ, (ਹਰਦਮ ਮਾਨ)–ਗ਼ਜ਼ਲ ਮੰਚ ਸਰੀ ਵੱਲੋਂ ਮਹਿਬੂਬ ਸ਼ਾਇਰ ਇੰਦਰਜੀਤ ਧਾਮੀ ਦੇ 75ਵੇਂ ਜਨਮ ਦਿਨ ਉਪਰ ਵਿਸ਼ੇਸ਼ ਕਾਵਿ ਮਹਿਫ਼ਿਲ ਰਚਾਈ ਗਈ। ਮਹਿਫ਼ਿਲ ਦਾ ਸੰਚਾਲਨ ਕਰਦਿਆਂ ਸ਼ਾਇਰ ਕਵਿੰਦਰ ਚਾਂਦ ਨੇ ਇੰਦਰਜੀਤ ਧਾਮੀ ਦੀ ਕਵਿਤਾ, ਖ਼ਿਆਲ ਅਤੇ ਗਹਿਰੇ ਕਾਵਿ ਅਨੁਭਵ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਧਾਮੀ ਦੀ ਕਾਵਿ ਉਡਾਰੀ ਦਾ ਬ੍ਰਹਿਮੰਡ ਬੇਹੱਦ ਵਿਸ਼ਾਲ ਹੈ। ਇਸ ਮੌਕੇ ਇੰਦਰਜੀਤ ਧਾਮੀ ਨੇ ਆਪਣੀ ਜ਼ਿੰਦਗੀ ਦਾ ਸਫਰ ਸਾਂਝਾ ਕੀਤਾ। ਉਨ੍ਹਾਂ ਬਚਪਨ ਦੀਆਂ ਯਾਦਾਂ, ਕਾਲਜ ਦੇ ਰੰਗੀਨ ਸੁਪਨੇ ਅਤੇ ਫਿਰ ਫੌਜੀ ਵਰਦੀ ਦੇ ਅਹਿਸਾਸ ਨਾਲ ਸਾਂਝ ਪੁਆਈ। ਸ਼ਾਇਰੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਕਲਾ ਨਾਲ ਨਾਤੇ ਕਦੇ ਦੁਨਿਆਵੀ ਪੱਧਰ ਤੇ ਗੰਢੇ ਨਹੀਂ ਜਾਂਦੇ ਸਗੋਂ ਇਹ ਬ੍ਰਹਿਮੰਡੀ ਸਤਰ ਦੇ ਗੰਢੇ ਹੁੰਦੇ ਹਨ। ਕਦੇ ਕਦੇ ਕਲਾ ਇਕ ਗਿਆਨ ਜਾਂ ਹੁਨਰ ਨਾ ਹੋ ਕੇ ਮੈਨੂੰ ਇਕ ਬਟੂਏ ਵਾਂਗ ਜਾਪਦੀ ਹੈ, ਜਿਸ ਵਿਚ ਲੇਖਕ ਨੇ ਸ਼ਬਦ ਸਿਰਜਣਾ ਦੀ ਕਮਾਈ ਆਪ ਪਾਉਣੀ ਹੁੰਦੀ ਹੈ। ਉਨ੍ਹਾਂ ਆਪਣੀਆਂ ਦੋ ਖ਼ੂਬਸੂਰਤ ਰਚਨਾਵਾਂ ਪੇਸ਼ ਕੀਤੀਆਂ। ਮਹਿਫ਼ਿਲ ਵਿਚ ਹਾਜਰ ਨਾਮਵਰ ਸ਼ਾਇਰ ਜਸਵਿੰਦਰ ਨੇ ਆਪਣੇ ਖ਼ੂਬਸੂਰਤ ਦੋਹਿਆਂ ਰਾਹੀਂ ਆਪਣੇ ਵਿਸ਼ਾਲ ਅਤੇ ਗਹਿਰੇ ਕਾਵਿ ਅਨੁਭਵ ਦਾ ਪ੍ਰਗਟਾਵਾ ਕੀਤਾ। ਸ਼ਾਇਰ ਰਾਜਵੰਤ ਰਾਜ ਨੇ ਬਹੁਤ ਪਿਆਰੀ ਗ਼ਜ਼ਲ ਕਹੀ, ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ, ਪ੍ਰੀਤ ਮਨਪ੍ਰੀਤ, ਕਵਿੰਦਰ ਚਾਂਦ, ਹਰਦਮ ਸਿੰਘ ਮਾਨ, ਦਸ਼ਮੇਸ਼ ਗਿੱਲ ਫਿਰੋਜ਼, ਗੁਰਮੀਤ ਸਿੱਧੂ ਅਤੇ ਦਵਿੰਦਰ ਗੌਤਮ ਨੇ ਆਪਣੀਆਂ ਪਿਆਰੀਆਂ ਗ਼ਜ਼ਲਾਂ ਰਾਹੀਂ ਮਹਿਫ਼ਿਲ ਨੂੰ ਸ਼ਿੰਗਾਰਿਆ ਅਤੇ ਇੰਦਰਜੀਤ ਧਾਮੀ ਨੂੰ ਜਨਮ ਦਿਨ ਦੀ ਮੁਬਾਰਕ ਦਿੰਦਿਆਂ ਉਨ੍ਹਾਂ ਦੀ ਲੰਮੇਰੀ ਸਿਹਤਮੰਦ ਜ਼ਿੰਦਗੀ ਦੀ ਕਾਮਨਾ ਕੀਤੀ। ਇਸ ਮੌਕੇ ਬੈਲਜੀਅਮ ਰਹਿੰਦੀ ਪੰਜਾਬੀ ਸ਼ਾਇਰਾ ਜੀਤ ਸੁਰਜੀਤ ਦਾ ਗ਼ਜ਼ਲ ਸੰਗ੍ਰਹਿ "ਕਾਗਜ਼ੀ ਕਿਰਦਾਰ" ਅਤੇ ਨਾਮਵਰ ਗ਼ਜ਼ਲਗੋ ਵਿਜੇ ਵਿਜੇਕ ਦਾ ਗ਼ਜ਼ਲ ਸੰਗ੍ਰਹਿ "ਛਿਣ ਭੰਗਰ ਵੀ ਕਾਲਾਤੀਤ ਵੀ" ਰਿਲੀਜ਼ ਕੀਤੀਆਂ ਗਈਆਂ ਅਤੇ ਮੰਚ ਵੱਲੋਂ ਇਨ੍ਹਾਂ ਸ਼ਾਇਰਾਂ ਨੂੰ ਮੁਬਾਰਕਬਾਦ ਦਿੱਤੀ ਗਈ।

## ਕਬੱਡੀ ਪ੍ਰੋਮੋਟਰ ਤੇ ਕਾਰੋਬਾਰੀ ਮੁਖਵੰਤ ਸਿੰਘ ਚਾਹਲ ਦਾ ਅੰਤਿਮ ਸੰਸਕਾਰ 23 ਅਕਤੂਬਰ ਨੂੰ



ਵੈਨਕੂਵਰ-ਉਘੇ ਕਬੱਡੀ ਪ੍ਰੋਮੋਟਰ ਤੇ ਕਾਰੋਬਾਰੀ ਮੁਖਵੰਤ ਸਿੰਘ ਚਾਹਲ ਬੀਤੇ ਦਿਨੀ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਪੰਜਾਬ ਦੇ ਸ਼ਹਿਰ ਬਟਾਲਾ ਨੇੜੇ ਪਿੰਡ ਜ਼ਫਰਵਾਲ ਦੇ ਜੰਮਪਲ ਸਨ। ਉਹਨਾਂ ਦਾ ਅੰਤਿਮ ਸੰਸਕਾਰ 23 ਅਕਤੂਬਰ ਦਿਨ ਸ਼ਨੀਵਾਰ ਨੂੰ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਦੁਪਹਿਰ 2-3 ਵਜੇ ਕੀਤਾ ਜਾਵੇਗਾ। ਉਪਰੰਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗਰੰਥ ਸਾਹਿਬ ( ਗੋਬਿੰਦ ਸਰਵਰ) 8820-168 ਸਟਰੀਟ ਸਰੀ ਬੀ ਸੀ ਵਿਖੇ ਹੋਵੇਗੀ। ਇਹ ਜਾਣਕਾਰੀ ਬਰਿੰਦਰ ਸਿੰਘ ਛੋਟੇਪੁਰ ਸੈਕਟਰੀ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਨੇ ਦਿੱਤੀ।

## ਛੇਵਾਂ ਸਲਾਨਾ ਦਿਲਬਰ ਨੂਰਪੁਰੀ ਅਵਾਰਡ ਦਸ਼ਮੇਸ਼ ਫ਼ਿਰੋਜ਼ ਗਿੱਲ ਨੂੰ

ਸਰੀ-ਪ੍ਰਸਿੱਧ ਸ਼ਾਇਰ ਇੰਦਰਜੀਤ ਸਿੰਘ ਧਾਮੀ ਅਤੇ ਪਰਿਵਾਰ ਵੱਲੋਂ ਮਰਹੂਮ ਸ਼ਾਇਰ ਪਿਤਾ ਸ: ਅਰਦਮਨ ਸਿੰਘ ਦਿਲਬਰ ਨੂਰਪੁਰੀ ਐਵਾਰਡ ਇਸ ਸਾਲ ਕੈਨੇਡਾ ਵੱਸਦੇ ਪ੍ਰਤਿਭਾਸ਼ਾਲੀ ,ਬਹੁ ਭਾਸ਼ਾਈ ਸ਼ਾਇਰ ਦਸ਼ਮੇਸ਼ ਫ਼ਿਰੋਜ਼ ਗਿੱਲ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਸਨਮਾਨ ਕ੍ਰਿਸ਼ਨ ਭਨੋਟ, ਕਵਿੰਦਰ 'ਚਾਂਦ', ਹਰਭਜਨ ਸਿੰਘ ਬੈਂਸ, ਪ੍ਰੋ. ਪ੍ਰਿਥੀਪਾਲ ਸਿੰਘ ਸੋਹੀ ਅਤੇ ਪਰਮਵੀਰ ਬਾਠ ਨੂੰ ਮਿਲ ਚੁੱਕਿਆ ਹੈ। ਇਸ ਐਵਾਰਡ ਵਿੱਚ 1100 ਡਾਲਰ ਦੀ ਰਾਸ਼ੀ, ਸਨਮਾਨ ਚਿੰਨ੍ਹ ਅਤੇ ਲੋਈ ਪਰਦਾਨ ਕੀਤੀ ਜਾਂਦੀ ਹੈ। ਸਨਮਾਨ ਸਮਾਰੋਹ ਲਈ ਸਮਾਂ, ਦਿਨ ਅਤੇ ਸਥਾਨ ਦੀ ਇਤਲਾਹ ਜਲਦ ਹੀ ਦਿੱਤੀ ਜਾਵੇਗੀ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

We Can Help You Sell Your House!

**Satvir Cheema**
**604-240-9148**



CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca



PUNJAB LINK
# ਪੰਜਾਬ ਲਿੰਕ
ਸਨਿਚਰਵਾਰ, 23 ਅਕਤੂਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465



For All Your Real Estate Needs

**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8




info@amrikcheema.com


## ਜਦੋਂ ਸਿੱਖ ਨੌਜਵਾਨਾਂ ਨੇ ਦਸਤਾਰਾਂ ਨਾਲ ਦੋ ਵਿਅਕਤੀ ਦਰਿਆ ਚ ਰੁੜਨੋ ਬਚਾਏ

ਵੈਨਕੂਵਰ (ਹਰਦਮ ਮਾਨ)-ਕੈਨੇਡਾ 'ਚ ਪੰਜ ਸਿੱਖਾਂ ਨੇ ਪਗੜੀ ਦੀ ਸਹਾਇਤਾ ਨਾਲ ਦੋ ਵਿਅਕਤੀਆਂ ਨੂੰ ਰੁੜ੍ਹਨ ਤੋਂ ਬਚਾ ਲਿਆ। ਇਹ ਵਿਅਕਤੀ ਗੋਲਡਨ ਯੀਅਰਜ਼ ਝਰਨੇ 'ਚ ਨਹਾਉਂਦੇ ਸਮੇਂ ਤਿਲਕ ਕੇ ਚੱਟਾਨ 'ਤੇ ਡਿੱਗ ਪਏ ਸਨ ਅਤੇ ਜੇਕਰ ਉਨ੍ਹਾਂ ਦੀ ਜਾਨ ਨਾ ਬਚਾਈ ਜਾਂਦੀ ਤਾਂ ਉਨ੍ਹਾਂ ਤੇਜ਼ ਵਹਾਅ ਵਾਲੇ ਦਰਿਆ 'ਚ ਰੁੜ੍ਹ ਜਾਣਾ ਸੀ। 'ਗਲੋਬਲ ਨਿਊਜ਼' ਦੀ ਰਿਪੋਰਟ ਮੁਤਾਬਕ ਕੁਲਜਿੰਦਰ ਕਿੰਦਾ ਅਤੇ ਉਸ ਦੇ ਚਾਰ ਦੋਸਤ ਬ੍ਰਿਟਿਸ਼ ਕੋਲੰਬੀਆ 'ਚ ਗੋਲਡਨ ਯੀਅਰਜ਼ ਪ੍ਰੋਵਿੰਸ਼ੀਅਲ ਪਾਰਕ 'ਚ ਪੈਦਲ ਯਾਤਰਾ 'ਤੇ ਸਨ। ਇਸ ਦੌਰਾਨ ਉਨ੍ਹਾਂ ਦੇਖਿਆ ਕਿ ਦੋ ਵਿਅਕਤੀ ਜਾਨ ਬਚਾਉਣ ਦੀ ਫਰਿਆਦ ਕਰ ਰਹੇ ਸਨ। ਸਿੱਖਾਂ ਨੇ ਰਾਹਤ ਟੀਮ ਦੇ ਪਹੁੰਚਣ ਤੋਂ ਪਹਿਲਾਂ ਆਪਣੀ ਪਗੜੀਆਂ ਉਤਾਰ ਕੇ ਉਨ੍ਹਾਂ ਨੂੰ ਜੋੜ ਲਿਆ ਅਤੇ ਫਿਰ ਲੰਬੀ ਰੱਸੀ ਵਾਂਗ ਇਕ ਸਿਰਾ ਚੱਟਾਨ 'ਤੇ ਬੈਠੇ ਵਿਅਕਤੀਆਂ ਦੇ ਹੱਥ 'ਚ ਫੜਾ ਦਿੱਤਾ। ਕਿੰਦਾ ਨੇ ਇਸ ਦੀ ਵੀਡੀਓ ਵਟਸਐਪ 'ਤੇ ਭੇਜੀ ਜਿਸ ਮਗਰੋਂ ਵਿਅਕਤੀਆਂ ਨੂੰ ਬਚਾਉਣ ਦੀ ਫੁਟੇਜ ਵਾਇਰਲ ਹੋ ਰਹੀ ਹੈ। ਉਸ ਨੇ 'ਐੱਨਬੀਸੀ ਨਿਊਜ਼' ਨੂੰ ਦੱਸਿਆ ਕਿ ਦੋਵੇਂ ਜਣਿਆਂ ਨੇ ਪਹਿਲਾਂ ਉਨ੍ਹਾਂ ਨੂੰ ਐਮਰਜੈਂਸੀ ਸੇਵਾਵਾਂ ਨੂੰ ਸੱਦਣ ਲਈ ਕਿਹਾ ਸੀ ਪਰ ਫੋਨ ਸੇਵਾ ਨਾ ਹੋਣ ਕਰਕੇ ਉਹ ਅਜਿਹਾ ਨਹੀਂ ਕਰ ਸਕੇ। 'ਅਸੀਂ ਸਹਾਇਤਾ ਕਰਨਾ ਚਾਹੁੰਦੇ ਸੀ ਪਰ ਕੋਈ ਜੁਗਤ ਨਹੀਂ ਲੱਗ ਰਹੀ ਸੀ। ਅਸੀਂ 10 ਮਿੰਟ ਤੱਕ ਸਹਾਇਤਾ ਲਈ ਇਧਰ-ਉਧਰ ਹੱਥ-ਪੈਰ ਮਾਰੇ। ਅਖੀਰ ਅਸੀਂ ਆਪਣੀਆਂ ਪਗੜੀਆਂ ਉਤਾਰ ਕੇ ਉਨ੍ਹਾਂ ਦੀ ਜਾਨ ਬਚਾਉਣ ਦੀ ਸੋਚੀ।' ਫੇਸਬੁੱਕ 'ਤੇ ਇਕ ਵਿਅਕਤੀ ਨੇ ਸਿੱਖਾਂ ਨੂੰ ਸ਼ਾਬਾਸ਼ੀ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਡਾ ਕੰਮ ਕੀਤਾ ਹੈ। ਇਕ ਹੋਰ ਨੇ ਕਿਹਾ ਕਿ ਉਹ ਜ਼ਿੰਦਗੀ ਦੇ ਅਸਲ ਨਾਇਕ ਹਨ। ਇਕ ਵਿਅਕਤੀ ਨੇ ਟਵੀਟ ਕਰਕੇ ਕਿਹਾ ਕਿ ਜਿਹੜੇ ਲੋਕ ਸਿੱਖ ਮਰਿਆਦਾ ਦਾ ਹਿੱਸਾ ਪਗੜੀ ਨੂੰ ਹਟਾਉਣ ਦੀ ਵਕਾਲਤ ਕਰਦੇ ਸਨ, ਉਨ੍ਹਾਂ ਲਈ ਇਹ ਵੱਡਾ ਸਬਕ ਹੈ ਕਿ ਕਿਵੇਂ ਉਸੇ ਪਗੜੀ ਨਾਲ ਵਿਅਕਤੀਆਂ ਨੂੰ ਬਚਾਇਆ। ਕਿੰਦਾ ਅਤੇ ਉਸ ਦੇ ਦੋਸਤਾਂ ਨੇ ਜਦੋਂ ਲੋਕਾਂ ਨੂੰ ਬਚਾ ਲਿਆ ਤਾਂ ਬਚਾਅ ਕਾਰਜਾਂ ਬਾਰੇ ਮੈਨੇਜਰ ਰੌਬਰਟ ਲੇਇੰਗ ਮੌਕੇ 'ਤੇ ਪਹੁੰਚਿਆ ਅਤੇ ਉਸ ਨੇ ਪੰਜ ਦੋਸਤਾਂ ਦੀ ਸ਼ਲਾਘਾ ਕੀਤੀ।

# ਟਰੂਡੋ 26 ਅਕਤੂਬਰ ਨੂੰ ਆਪਣੇ ਨਵੇਂ ਮੰਤਰੀ ਮੰਡਲ ਦਾ ਕਰਨਗੇ ਖੁਲਾਸਾ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ 26 ਅਕਤੂਬਰ ਨੂੰ ਆਪਣੇ ਨਵੇਂ ਮੰਤਰੀ ਮੰਡਲ ਦਾ ਖੁਲਾਸਾ ਕਰਨਗੇ। ਇਸ ਵਾਰੀ




ਆਪਣੇ ਤੀਜੇ ਕਾਰਜਕਾਲ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਵਿਡ-19 ਖਿਲਾਫ ਵਿੱਢੀ ਜੰਗ ਉੱਤੇ ਆਪਣਾ ਬਹੁਤਾ ਧਿਆਨ ਦੇਣਗੇ ਤੇ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਲਈ ਆਪਣਾ ਪੂਰਾ ਜ਼ੋਰ ਲਾਉਣਗੇ। ਫਿਰ 22 ਨਵੰਬਰ ਨੂੰ ਪਾਰਲੀਆਮੈਂਟ ਦਾ ਸੈਸ਼ਨ ਮੁੜ ਸ਼ੁਰੂ ਹੋਣ ਤੋਂ ਪਹਿਲਾਂ ਟਰੂਡੋ ਦੇ ਮੰਤਰੀ ਇੱਕ ਮਹੀਨੇ ਤੱਕ ਆਪਣੇ ਨਵੇਂ ਕੰਮ-ਕਾਜ ਨੂੰ ਸਮਝਣ ਤੇ ਸਾਂਭਣ ਵਿੱਚ ਲਾਉਣਗੇ। ਇੱਥੇ ਦੱਸਣਾ ਬਣਦਾ ਹੈ ਕਿ ਮਹਾਂਮਾਰੀ ਦਰਮਿਆਨ 20 ਸਤੰਬਰ ਨੂੰ ਪਈਆਂ ਫੈਡਰਲ ਵੋਟਾਂ ਵਿੱਚ ਇੱਕ ਵਾਰੀ ਮੁੜ ਟਰੂਡੋ ਦੀ ਆਸ ਦੇ ਉਲਟ ਉਨ੍ਹਾਂ ਨੂੰ ?ਨੀਆਂ ਵੋਟਾਂ ਹਾਸਲ ਨਹੀਂ ਹੋਈਆਂ ਕਿ ਉਹ ਬਹੁਗਿਣਤੀ ਸਰਕਾਰ ਬਣਾ ਸਕਣ। ਇੱਕ ਲਿਖਤੀ ਬਿਆਨ ਵਿੱਚ ਟਰੂਡੋ ਦੇ ਆਫਿਸ ਨੇ ਆਖਿਆ ਕਿ ਕੈਨੇਡੀਅਨ ਤਰਜੀਹਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਪ੍ਰਧਾਨ ਮੰਤਰੀ ਵਿਰੋਧੀ ਧਿਰਾਂ ਦੇ ਆਗੂਆਂ ਨਾਲ ਫੋਨ ਉੱਤੇ ਗੱਲਬਾਤ ਕਰਨ ਬਾਰੇ ਵਿਚਾਰ ਕਰ ਰਹੇ ਹਨ। ਇਸ ਦੌਰਾਨ ਟਰੂਡੋ ਵਿਰੋਧੀ ਆਗੂਆਂ ਨਾਲ ਇਹ ਵਿਚਾਰ ਚਰਚਾ ਵੀ ਕਰਨੀ ਚਾਹੁੰਦੇ ਹਨ ਕਿ ਮਹਾਂਮਾਰੀ ਦੀ ਚੌਥੀ ਵੇਵ ਦਰਮਿਆਨ ਹਾਊਸ ਆਫ ਕਾਮਨਜ਼ ਦੀ ਕਾਰਵਾਈ ਕਿਸ ਤਰ੍ਹਾਂ ਸੁਲ਼ਰੂ ਕੀਤੀ ਜਾਵੇ। ਇਸ ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਸੱਭ ਤੋਂ ਪਹਿਲਾਂ ਤਾਂ ਟਰੂਡੋ ਵਿਰੋਧੀ ਧਿਰਾਂ ਦੇ ਆਗੂਆਂ ਨਾਲ ਗੱਲਬਾਤ ਕਰਕੇ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਹਾਊਸ ਆਫ ਕਾਮਨਜ਼ ਦਾਖਲ ਹੋਣ ਤੋਂ ਪਹਿਲਾਂ ਸਾਰੇ ਮੈਂਬਰ ਪਾਰਲੀਆਮੈਂਟ ਵੈਕਸੀਨੇਸ਼ਨ ਕਰਵਾ ਕੇ ਆਉਣ। ਇਸ ਮਾਮਲੇ ਉੱਤੇ ਲਿਬਰਲ, ਬਲਾਕ ਕਿਊਬਿਕੁਆ ਤੇ ਐਨਡੀਪੀ ਸਹਿਮਤ ਹਨ। ਪਰ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਇਹ ਦੱਸਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਕਿੰਨੇ ਐਮਪੀਜ਼ ਪੂਰਾ ਟੀਕਾਕਰਣ ਕਰਵਾ ਚੁੱਕੇ ਹਨ। ਇੱਥੇ ਹੀ ਬੱਸ ਨਹੀਂ ਓਟੂਲ ਹੁਣ ਤੱਕ ਇਹ ਪੱਖ ਵੀ ਪੂਰਦੇ ਰਹੇ ਹਨ ਕਿ ਪਰਸਨਲ ਹੈਲਥ ਚੁਆਇਸ ਬਣਾਉਣਾ ਸਾਰਿਆਂ ਦਾ ਅਧਿਕਾਰ ਹੈ।


**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**



SUNNY SANGHA • PERSONAL REAL ESTATE CORPORATION

## 14317 31A AVENUE




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

## 9858 HUCKLEBERRY DRIVE




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਸਰੀ ਦੇ ਉਘੇ ਬਿਜ਼ਨਸਮੈਨ ਮਨਜੀਤ ਲਿਟ ਹੁਰਾਂ ਨੇ ਕਈ ਅਦਾਰਿਆਂ ਨੂੰ ਪੈਸੇ ਦਾਨ ਕਰਕੇ ਆਪਣਾ ਜਨਮ ਦਿਨ ਮਨਾਇਆ




ਸਰੀ ਦੇ ਉਘੇ ਬਿਜ਼ਨਸਮੈਨ ਮਨਜੀਤ ਲਿਟ ਹੁਰਾਂ ਨੇ ਕਈ ਅਦਾਰਿਆਂ ਨੂੰ ਪੈਸੇ ਦਾਨ ਕਰਕੇ ਆਪਣਾ ਜਨਮ ਦਿਨ ਮਨਾਇਆ। ਸਰੀ ਮੈਮੋਰਿਅਲ ਹਸਪਤਾਲ ਫਾਉਡੇਸ਼ਨ ਨੂੰ $100,000, ਪੀਸ ਆਰਚ ਹਸਪਤਾਲ ਫਾਉਡੇਸ਼ਨ ਨੂੰ $100,000, ਬੀ ਸੀ ਚਿਲਡਰਨਜ਼ ਹਸਪਤਾਲ ਫਾਉਡੇਸ਼ਨ ਨੂੰ $100,000, ਅਤੇ ਪਿਕਸ ਫਾਰ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਨੂੰ $100,000 ਦਾਨ ਕੀਤੇ। ਸਨਮਾਨਿਤ ਮਹਿਮਾਨ: ਮਾਨਯੋਗ ਸਰੀ ਮੇਅਰ ਡੱਗ ਮੈਕੈਲਮ, ਮਾਨਯੋਗ ਇੰਡੀਅਨ ਕਾਉਂਸਲੇਟ ਜਨਰਲ ਮਿ. ਮਨੀਸ਼, ਰਣਦੀਪ ਸਰਾਇ (ਐਮ.ਪੀ.), ਸੁੱਖ ਧਾਲੀਵਾਲ (ਐਮ.ਪੀ.) ਜਿਨੀ ਸਿਮਜ਼ (ਐਮ.ਐਲ.ਏ.) ਹੈਰੀ ਬੈਂਸ (ਐਮ.ਐਲ.ਏ.) ਅਤੇ ਇਸ ਮੌਕੇ ਪਹੁੰਚੇ ਹੋਰ ਸਾਰੇ ਸਤਿਕਾਰਯੋਗ ਮਨਿਮਾਨਾਂ ਦਾ ਤਹਿ ਦਿਲੋ ਧੰਨਵਾਦ ਕੀਤਾ।





# ਕੈਨੇਡਾ 'ਚ ਗੁਰੂ ਗਰੰਥ ਸਾਹਿਬ ਦੀ ਛਪਾਈ ਨਿੱਜੀ ਸੰਸਥਾ ਨੂੰ ਦਿੱਤੇ ਜਾਣ ਦੀ ਤਜਵੀਜ਼ ਦਾ ਵਿਰੋਧ

## ਵੈਨਕੂਵਰ ਪੁੱਜੇ ਸ਼੍ਰੋਮਣੀ ਕਮੇਟੀ ਦੇ ਵਫਦ ਦੀ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਨਾਲ ਮੀਟਿੰਗ

ਸਰੀ, (ਹਰਦਮ ਮਾਨ)- ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਸਬੰਧੀ ਕੈਨੇਡਾ ਵਿਚਲੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਦੇ ਵਿਚਾਰ ਜਾਨਣ ਲਈ ਵੈਨਕੂਵਰ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਵਫਦ ਨੇ ਬੀਤੇ ਦਿਨ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਆਗੂਆਂ ਨਾਲ ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਵਿਖੇ ਗੱਲਬਾਤ ਕੀਤੀ। ਇਸ ਵਫਦ ਵਿਚ ਸ਼ਾਮਲ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭਿੱਟੇਵੱਡ, ਅੰਤਰਿਕ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਨੇਕੇ, ਮੈਂਬਰ ਰਾਮ ਸਿੰਘ ਤੇ ਮੀਤ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਦਾ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਸਵਾਗਤ ਕੀਤਾ ਅਤੇ ਵਿਦੇਸ਼ਾਂ ਵਿਚ ਸਰੂਪਾਂ ਦੀ ਛਪਾਈ ਅਤੇ ਸਤਿਕਾਰ ਦੇ ਸਬੰਧ ਵਿਚ ਸੁਸਾਇਟੀ ਵੱਲੋਂ ਲਿਖਿਆ ਛੇ ਸਫਿਆਂ ਦਾ ਪੱਤਰ ਵਫ਼ਦ ਨੂੰ ਸੌਂਪਿਆ।

ਇਸ ਪੱਤਰ ਵਿਚ ਖਾਲਸਾ ਦੀਵਾਨ ਸੁਸਾਇਟੀ ਵਿਚ 2020 ਅਤੇ 2021 ਵਿਚ ਹੋਈਆਂ ਮੀਟਿੰਗਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਲਿਖੀਆਂ ਚਿੱਠੀਆਂ ਦੇ ਜ਼ਿਕਰ ਦੇ ਨਾਲ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਛਪਾਈ ਵਿਚ ਹੋਈਆਂ ਕੁਤਾਹੀਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ ਅਤੇ ਸ਼੍ਰੋਮਣੀ ਕਮੇਟੀ ਦੀ ਖੁੱਲ੍ਹ ਕੇ ਅਲੋਚਨਾ ਕੀਤੀ ਗਈ ਹੈ ਕਿ ਜੇ ਸ਼੍ਰੋਮਣੀ ਕਮੇਟੀ ਨੇ 23 ਅਗਸਤ 2021 ਦੀ ਮੀਟਿੰਗ ਵਿਚ ਸਰੂਪਾਂ ਦੀ ਵਿਦੇਸ਼ਾਂ ਵਿਚ ਛਪਾਈ ਸਬੰਧੀ ਫੈਸਲਾ ਹੀ ਲੈ ਲਿਆ ਸੀ ਤਾਂ ਕੈਨੇਡਾ ਵਿਚਲੀਆਂ ਗੁਰਦੁਆਰਾ ਸੁਸਾਇਟੀਆਂ ਦੇ ਵਿਚਾਰ ਜਾਨਣ ਲਈ ਹੁਣ ਇਹ ਡੈਲੀਗੇਟ ਭੇਜਣ ਦਾ ਕੀ ਮਕਸਦ?

ਇਸ ਪੱਤਰ ਵਿਚ ਇਹ ਸ਼੍ਰੋਮਣੀ ਕਮੇਟੀ ਤੇ ਇਹ ਸੁਆਲ ਵੀ ਉਠਾਇਆ ਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ 1998 ਦੇ ਹੁਕਮਨਾਮੇ ਅਧੀਨ ਪ੍ਰਾਈਵੇਟ ਅਦਾਰਿਆਂ ਨੂੰ ਪਾਵਨ ਸਰੂਪ ਛਾਪਣ ਦੀ ਮਨਾਹੀ ਕਰਕੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਛਪਾਈ ਕਰਨ ਲਈ ਕਿਹਾ ਗਿਆ ਸੀ ਪਰ ਕੀ ਉਹ ਹੁਕਮਨਾਮਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਵਾਪਸ ਲਿਆ ਗਿਆ ਹੈ ਜਾਂ ਉਸ ਵਿਚ ਸੋਧ ਕੀਤੀ ਗਈ ਹੈ ਜਿਸ ਰਾਹੀਂ ਸ਼੍ਰੋਮਣੀ ਕਮੇਟੀ ਵਿਦੇਸ਼ਾਂ ਵਿਚ ਛਪਾਈ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦੀ ਗੁਸਤਾਖੀ ਕਰ ਰਹੀ ਹੈ? ਸੁਰਿੰਦਰ ਸਿੰਘ ਜੱਬਲ ਨੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਅਧੀਨ ਸ੍ਰੀ ਅੰਮ੍ਰਿਤਸਰ ਵਿਚ ਹੀ ਕੀਤੇ ਜਾਣ ਅਪੀਲ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਕਿਤੇ ਵੀ ਛਪਾਈ ਦੀ ਇਜਾਜ਼ਤ ਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਪ੍ਰਬੰਧਕ ਕਮੇਟੀ ਇਕ ਪਾਸੜ ਫੈਸਲਾ ਕਰ ਕੇ ਕੈਨੇਡਾ ਦੇ ਬਹੁ-ਚਰਚਿਤ ਬਿਜਨੈੱਸਮੈਨ ਵੱਲੋਂ ਚਲਾਈ ਜਾ ਰਹੀ ਸੰਸਥਾ ਨੂੰ ਪਾਵਨ ਸਰੂਪ ਛਾਪਣ ਦੀ ਆਗਿਆ ਦੇ ਦਿੰਦੀ ਹੈ ਤਾਂ ਕੈਨੇਡਾ ਦੀ ਸਿੱਖ ਸੰਗਤ ਇਕ ਵਾਰ ਫਿਰ ਦੋ ਹਿੱਸਿਆਂ ਵਿਚ ਵੰਡੀ ਜਾਵੇਗੀ ਜਿਵੇਂ ਕਿ ਅੱਜ ਤੋਂ ਕੋਈ ਬਾਈ ਤੇਈ ਸਾਲ ਪਹਿਲਾਂ ਲੰਗਰ ਛਕਣ ਛਕਾਉਣ ਦੀ ਮਰਿਆਦਾ ਤੇ ਵੰਡੀ ਗਈ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖਤ ਤੋਂ ਪ੍ਰਮਾਣਿਤ ਸਿੱਖ ਰਹਿਤ ਮਰਿਆਦਾ ਵਿਚ ਗੁਰਦੁਆਰਾ ਸਾਹਿਬਾਨ ਤੋਂ ਪਰਕਾਸ਼ ਕੀਤੇ ਹੋਏ ਸਰੂਪ ਘਰਾਂ ਵਿਚ ਲਿਜਾਣ ਲਈ ਵਿਧੀ ਵਿਧਾਨ ਲਿਖਿਆ ਹੋਇਆ ਹੈ ਪਰ ਛਾਪੇਖਾਨੇ ਤੋਂ ਪਿੰਡ ਸ਼ਹਿਰ ਜਾਂ ਦੂਰ ਦੁਰਾਡੇ ਪਹਿਲਾ ਪ੍ਰਕਾਸ਼ ਸਥਾਪਤ ਕਰਨ ਲਈ ਕੋਈ ਵਿਧੀ ਵਿਧਾਨ ਨਹੀਂ ਹੈ। ਰਹਿਤ ਮਰਿਆਦਾ ਤਾਂ 1930 ਵਿਆਂ ਵਿਚ ਪਰਵਾਨ ਕੀਤੀ ਗਈ ਸੀ ਪਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਰਹਿਤ ਮਰਿਆਦਾ ਤੋਂ ਬਹੁਤ ਚਿਰ ਪਹਿਲਾਂ ਦੇਸਾਂ ਪ੍ਰਦੇਸਾਂ ਵਿਚ ਗੁਰਦੁਆਰਿਆਂ ਦੇ ਪ੍ਰਕਾਸ਼ ਲਈ ਲਿਜਾਏ ਜਾਂਦੇ ਰਹੇ ਸਨ। ਇਹ ਵੀ ਸੱਚਾਈ ਹੈ ਕਿ ਸਿੱਖ ਰਹਿਤ ਮਰਿਆਦਾ ਦੇ ਘਾੜਿਆਂ ਵਿਚ ਸਿੱਖ ਵਿਦਵਾਨ ਅਤੇ ਵਿਦੇਸ਼ਾਂ ਦੀਆਂ ਸਿੱਖ ਸਭਾਵਾਂ ਦੇ ਪ੍ਰਤੀਨਿਧ ਵੀ ਸ਼ਾਮਲ ਸਨ। ਉਹਨਾਂ ਸਿੱਖ ਵਿਦਵਾਨਾਂ ਜਾਂ ਸਤਿਕਾਰ ਕਮੇਟੀਆਂ ਦੇ ਹਵਾਲੇ ਦੇ ਕੇ ਵਪਾਰੀ ਵਰਗ ਵੱਲੋਂ ਵਿਦੇਸ਼ਾਂ ਵਿਚ ਸਰੂਪ ਛਾਪਣ ਲਈ ਪਿਛਲੇ ਦਸਾਂ ਕੁ ਸਾਲਾਂ ਤੋਂ ਜ਼ੋਰ ਪਾਇਆ ਜਾ ਰਿਹਾ ਹੈ। ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਅਤੇ ਸ਼੍ਰੋਮਣੀ ਕਮੇਟੀ ਨੂੰ ਸਿੱਖ ਪੰਥ ਨਾਲ ਮਿਲ ਕੇ ਪਹਿਲਾਂ ਤਾਂ ਇਸ ਸੰਬੰਧ ਵਿਚ ਸਤਿਕਾਰ ਦੀ ਪ੍ਰੀਭਾਸ਼ਾ ਨਿਯਤ ਕਰਨੀ ਚਾਹੀਦੀ ਹੈ। ਮੀਟਿੰਗ ਵਿਚ ਸ਼ਾਮਲ ਕਮਿਊਨਿਟੀ ਐਕਟਿਵਿਸਟ ਮੋਤਾ ਸਿੰਘ ਝੀਤਾ ਨੇ ਵੀ ਅਪੀਲ ਕੀਤੀ ਕਿ ਵਿਦੇਸ਼ਾਂ ਵਿਚ ਛਪਾਈ ਦੀ ਆਗਿਆ ਨਾ ਦਿੱਤੀ ਜਾਵੇ। ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਸੰਚਾਲਕ ਅਤੇ ਉੱਘੇ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਸ਼੍ਰੋਮਣੀ ਕਮੇਟੀ ਤੇ ਸ਼ਿਕਵਾ ਵੀ ਜ਼ਾਹਿਰ ਕੀਤਾ ਕਿ ਸ਼੍ਰੋਮਣੀ ਕਮੇਟੀ ਸਾਡੇ ਕਿਸੇ ਵੀ ਪੱਤਰ ਦਾ ਜੁਆਬ ਨਹੀਂ ਦਿੰਦੀ। ਮੀਟਿੰਗ ਵਿਚ ਹਾਜ਼ਰ ਪਰਮਜੀਤ ਸਿੰਘ ਰੰਧਾਵਾ, ਧਰਮ ਸਿੰਘ ਪਨੇਸਰ (ਸੀਨੀਅਰ ਮੀਤ ਪ੍ਰਧਾਨ), ਚਰਨਜੀਤ ਸਿੰਘ ਮਰਵਾਹਾ (ਸੈਕਟਰੀ), ਦੀਪ ਸਿੰਘ ਕਲਸੀ (ਟਰੱਸਟੀ) ਤੇ ਬਲਬੀਰ ਸਿੰਘ ਚਾਨਾ (ਟਰੱਸਟੀ) ਦੇ ਵੀ ਇਹੋ ਵਿਚਾਰ ਸਨ ਕਿ ਸਰੂਪਾਂ ਦੀ ਛਪਾਈ ਦਾ ਸਾਰਾ ਕੰਮ ਸ੍ਰੋਮਣੀ ਕਮੇਟੀ ਦੀ ਦੇਖ ਰੇਖ ਵਿਚ ਸ੍ਰੀ ਅੰਮ੍ਰਿਤਸਰ ਵਿਚ ਹੀ ਹੋਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਵਫਦ ਦੇ ਨੁਮਾਇੰਦਿਆਂ ਨੇ ਭਰੋਸਾ ਦੁਆਇਆ ਕਿ ਉਹ ਇਹ ਲਿਖਤੀ ਪੱਤਰ ਅਤੇ ਮੀਟਿੰਗ ਵਿਚਲੇ ਸੁਝਾਅ ਸ੍ਰੀ ਅਕਾਲ ਤਖਤ ਤੀਕ ਜ਼ਰੂਰ ਪਹੁੰਚਾਉਣਗੇ।







NEW NAME • NEW LOOK • NEW MANAGEMENT

# VOLKEN'S
# MARKET & FURNITURE

WE CHANGE LIVES - YOU SAVE MONEY

GRAND OPENING ON NOW




## DIWALI SPECIAL ITEMS

Diwali Diyas Fancy w/o wax $1.99

Diwali Diyas Fancy with wax $2.99

Verka Dahi (1.5 kg X 6) $5.99

Verka Gulab Jamun 850g $6.99

Chickpeas 99¢

Kontos Naan 397g $1.99

Verka Whipped Butter 600g $9.99

Verka White Sugar 10 lbs $4.99

KFI Premium Nuts Tray $17.99

All Purpose Flour $8.99/10kg

Kids & Adults disposable masks 50count $5.99

ALL HALLOWEEN costumes and decor 25% off

ASSORTED BAR StOOLS From $69.99

Earth Fare Hand Soap $1.99

Asparagus $2.99 Bunch

Nestle Bars 125count $14.99 per box

Limit 2 per household

BRAND NAME MATTRESSES From $109.95

Deglet Nour Dates $1.99/200g

Planters Cashew $3.99

DEXTON MEDICAL CORPORATION

A Division of Lifesupply Health Supplies Inc.

10% off on all mobility aid products.

Offer valid Oct 4 to Oct 30

In-Store Freshly Baked Bread 2 FOR 1.99

Indigo organic Coconut Milk $1.49/each

CANADA'S ONLY NOT-FOR-PROFIT MARKET & FURNITURE STORE

ALL PROCEEDS GO TO CHARITY

www.VOLKENSMARKET.org
6911 KING GEORGE BLVD.

MON-SAT 9AM TO 8PM

PRICES VALID OCT. 23 TO OCT. 30

ਬੀ.ਸੀ. ਵਿੱਚ ਕੋਵਿਡ-19




24 ਅਕਤੂਬਰ ਤੋਂ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਬਹੁਤ ਸਾਰੇ ਸਮਾਗਮਾਂ ਅਤੇ ਕਾਰੋਬਾਰਾਂ ਤੱਕ ਪਹੁੰਚ ਲਈ ਪੂਰੀ ਤਰ੍ਹਾਂ ਟੀਕਾਕਰਣ ਕਰਵਾ ਚੁੱਕੇ ਹੋਣ ਦਾ ਪ੍ਰਮਾਣ ਦਿਖਾਉਣਾ ਲਾਜ਼ਮੀ ਹੋਵੇਗਾ। ਟੀਕਾ ਲਗਵਾਓ ਅਤੇ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਆਪਣਾ ਬੀ ਸੀ ਵੈਕਸੀਨ ਕਾਰਡ ਲਓ।

1

**gov.bc.ca/vaccinecard 'ਤੇ ਜਾਓ।**

ਆਪਣਾ ਪਰਸਨਲ ਹੈਲਥ ਨੰਬਰ, ਜਨਮ ਮਿਤੀ ਅਤੇ ਟੀਕਾਕਰਣ ਦੀ ਮਿਤੀ ਦਰਜ ਕਰੋ।

2

**ਆਪਣਾ ਬੀ ਸੀ ਵੈਕਸੀਨ ਕਾਰਡ ਪ੍ਰਾਪਤ ਕਰੋ।**

ਇਸ ਨੂੰ ਆਪਣੇ ਮੋਬਾਈਲ 'ਤੇ ਸੇਵ ਕਰੋ ਜਾਂ ਪ੍ਰਿੰਟ ਕਰੋ।

3

**ਆਪਣਾ ਬੀ ਸੀ ਵੈਕਸੀਨ ਕਾਰਡ ਤਿਆਰ ਰੱਖੋ।**

ID ਨਾਲ ਦਿਖਾਓ।

ਹੋਰ ਮਦਦ ਦੀ ਲੋੜ ਹੈ? ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਆਪਣਾ ਕਾਰਡ ਪ੍ਰਿੰਟ ਕਰਨ ਲਈ ਕਹੋ ਜਾਂ ਆਪਣਾ ਕਾਰਡ ਡਾਕ ਰਾਹੀਂ ਮੰਗਵਾਉਣ ਲਈ 1-833-838-2323 'ਤੇ ਫੋਨ ਕਰੋ।

BRITISH COLUMBIA


# ਕੈਪਟਨ ਅਮਰਿੰਦਰ ਨੇ ਹਰੀਸ਼ ਰਾਵਤ ਨੂੰ ਪੰਜਾਬ ਦੀ ਕਾਂਗਰਸ 'ਖੇਰੂੰ-ਖੇਰੂੰ' ਕਰਨ ਵਾਲਾ ਆਖਿਆ

**• ਭਾਜਪਾ ਨਾਲ ਗੱਠਜੋੜ ਦੀ ਸ਼ਰਤ ਬਾਰੇ ਸਥਿਤੀ ਸਪੱਸ਼ਟ ਕੀਤੀ**
**• ਨਵਜੋਤ ਸਿੱਧੂ ਵਿਰੁੱਧ ਹਮਲਾ, ਚੰਨੀ ਦੀਆਂ ਸਿਫਤਾਂ**



ਚੰਡੀਗੜ੍ਹ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਦੇ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂਵਿਰੁੱਧਅੱਜ ਨਿਸ਼ਾਨਾ ਸੇਧਿਆ ਤਾਂਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਇਸ ਮੌਕੇ ਪ੍ਰਸ਼ੰਸਾ ਕੀਤੀ ਹੈ। ਮੀਡੀਆਨਾਲ ਇੱਕ ਵਿਸ਼ੇਸ਼ ਇੰਟਰਵਿਊ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਪਾਰਟੀ ਬਣਾਉਣ ਦਾ ਜਿਲ਼ਕਰ ਵੀ ਫਿਰ ਕੀਤਾ, ਪਰ ਨਾਲ ਇਹ ਗੱਲ ਸਪਸ਼ਟ ਕਹੀ ਕਿ ਜਦੋਂ ਤਕ ਕਿਸਾਨਾਂ ਦਾ ਮਸਲਾ ਹੱਲ ਨਹੀਂ ਹੁੰਦਾ, ਉਹ ਭਾਜਪਾ ਨਾਲ ਗਠਜੋੜ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਉਹ ਕਿਸਾਨੀ ਸਮੱਸਿਆ ਹੱਲ ਕਰਨ ਦੇ ਲਈ ਉਹ ਕੇਂਦਰ ਸਰਕਾਰ ਅਤੇ ਕਿਸਾਨਾਂ ਦੇ ਵਿਚਾਲੇ ਪੁਲ ਬਣਨ ਲਈ ਵੀ ਤਿਆਰ ਹਨ। ਭਾਜਪਾ ਲੀਡਰਸਿਲ਼ਪ ਨਾਲ ਵਧ ਰਹੇ ਆਪਣੇ ਸਬੰਧਾਂਬਾਰੇ ਅੱਜ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿਰਫ਼ ਕਿਸਾਨੀ ਮੁੱਦਾ ਹੱਲ ਕਰਨ ਦੇ ਲਈ ਉਹ ਦੋ ਵਾਰੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਇਕ ਵਾਰਕੌਮੀ ਸੁਰੱਖਿਆ ਸਲਾਹਕਾਰ ਨੂੰ ਮਿਲੇ ਹਨ ਉਨ੍ਹਾਂ ਕਿਹਾ ਕਿ ਲਗਭਗ ਇਕ ਸਾਲ ਤੋਂ ਕਿਸਾਨ ਸੜਕਾਂ ਉੱਤੇ ਬੈਠੇ ਹਨ ਅਤੇ ਇਕੱਲੇ ਪੰਜਾਬ ਦੇ 407 ਕਿਸਾਨ ਅੱਜ ਤਕ ਮਾਰੇ ਜਾ ਚੁੱਕੇ ਹਨ। ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸਾਨੀ ਮਸਲਾ ਹੱਲ ਕਰਨਾ ਉਨ੍ਹਾਂ ਦੀ ਪਹਿਲ ਹੈ, ਕਿਉਂਕਿ ਧਰਨੇ ਉੱਤੇਬੈਠੇ ਕਿਸਾਨ ਬਹੁਤ ਗ਼ਰੀਬ ਹਨ। ਉਨ੍ਹਾਂ ਕਿਹਾ ਕਿ ਉਹ ਭਾਜਪਾ ਨਾਲ ਵੀਤਾਂ ਗਠਜੋੜ ਕਰਨਗੇ, ਜੇ ਕਿਸਾਨੀ ਮਸਲਾ ਹੱਲਹੋਵੇਗਾ, ਕਿਉਂਕਿ ਜੇ ਮਸਲਾ ਹੱਲ ਨਾ ਹੋਵੇ ਤਾਂ ਪੰਜਾਬ ਵਿਚ ਚੋਣਾਂ ਕਿਵੇਂ ਹੋਣਗੀਆਂ, ਇਹ ਵੀ ਵੱਡਾ ਸਵਾਲ ਹੈ, ਕਿਸਾਨਾਂ ਦੇ ਵਿਰੋਧ ਹੁੰਦਿਆਂ ਏਥੇ ਚੋਣ ਪ੍ਰਚਾਰ ਕਰਨਾ ਸੌਖਾ ਨਹੀਂ ਹੋਣ ਲੱਗਾ। ਪੰਜਾਬ ਦੀ ਕਾਂਗਰਸ ਵਿਚਲੀ ਖਿੱਚੋਤਾਣ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਕਾਂਗਰਸ ਦੇ ਹਾਈ ਕਮਾਨ ਵੱਲੋਂ ਇੰਚਾਰਜ ਹਰੀਸ਼ ਰਾਵਤ ਉੱਤੇ ਵੀ ਹਮਲਾ ਕੀਤਾ। ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਟਵੀਟ ਕਰ ਕੇ ਹਰੀਸ਼ ਰਾਵਤ ਦੀ ਨਿੰਦਾ ਕੀਤੀ। ਪਹਿਲਾਂ ਹਰੀਸ਼ ਰਾਵਤ ਨੇ ਬੀਤੇ ਬੁੱਧਵਾਰ ਇਕ ਟਵੀਟ ਕਰ ਕੇ ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਨਾਲ ਹੱਥ ਮਿਲਾਉਣ ਬਾਰੇ ਸਵਾਲ ਕੀਤੇ ਸਨ। ਅੱਜ ਇਸ ਦਾ ਜਵਾਬ ਦਿੰਦਿਆਂ ਕੈਪਟਨ ਨੇ ਕਿਹਾ ਕਿ ਹਰੀਸ਼ ਰਾਵਤ ਨੂੰ ਧਰਮ ਨਿਰਪੱਖਤਾ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਉਨ੍ਹਾ ਕਿਹਾ ਕਿ ਹਰੀਸ਼ ਰਾਵਤ ਭੁੱਲਦੇ ਹਨ ਕਿ ਕਾਂਗਰਸ ਨੇ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਵਿੱਚ ਲਿਆ ਸੀ, ਜਿਹੜਾ 14 ਸਾਲ ਫਿਰਕਾਪ੍ਰਸਤ ਕਹੀ ਜਾਂਦੀ ਭਾਜਪਾ ਨਾਲ ਰਹਿ ਕੇ ਆਇਆ ਸੀ ਅਤੇ ਨਾਨਾ ਪਟੋਲੇ ਅਤੇ ਆਰ। ਰੈੱਡੀ ਵਰਗੇ ਲੋਕ ਆਰ ਐੱਸ ਐੱਸਵਿੱਚੋਂ ਕਾਂਗਰਸਵਿੱਚ ਆਏ ਸਨ ਅਤੇ ਪਰਗਟ ਸਿੰਘ ਵਰਗਾ ਬੰਦਾ 4 ਸਾਲ ਅਕਾਲੀ ਦਲ ਵਿੱਚ ਰਿਹਾ ਸੀ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਉੱਤੇ ਅਕਾਲੀ ਦਲ ਨਾਲ ਸਾਂਝ ਦੇ ਦੋਸ਼ ਲਾਏ ਜਾਂਦੇ ਹਨ, ਜਦਕਿ ਅਕਾਲੀ ਦਲ ਦੇ ਰਾਜ ਵਿੱਚ ਉਨ੍ਹਾਂ ਨੇ 10 ਸਾਲ ਅਦਾਲਤੀ ਕੇਸ ਭੁਗਤੇ ਹਨ ਅਤੇ ਜੇ ਅਜਿਹੀ ਸਥਿਤੀ ਸੀ ਤਾਂ ਉਨ੍ਹਾਂ ਨੇ ਪੰਜਾਬ ਵਿੱਚ ਕਾਂਗਰਸ ਨੂੰ 2017 ਵਿੱਚ ਜਿੱਤ ਕਿਵੇਂ ਦਿਵਾਈ। ਉਨ੍ਹਾਂ ਪੁੱਛਿਆ ਕਿ ਹਰੀਸ਼ ਰਾਵਤ ਨੂੰ ਲੱਗਦਾ ਹੈ ਕਿ ਉਹ ਕਾਂਗਰਸ ਦਾ ਨੁਕਸਾਨ ਕਰ ਰਹੇ ਹਨ, ਪਰ ਖੁਦ ਕਾਂਗਰਸ ਨੇ ਉਨ੍ਹਾਂ ਉਤੇ ਵਿਸ਼ਵਾਸ ਨਾ ਕਰਕੇ ਨਵਜੋਤ ਸਿੰਘ ਸਿੱਧੂ ਵਰਗੇ ਅਸਥਿਰ ਵਿਅਕਤੀ ਨੂੰ ਪੰਜਾਬ ਦੀ ਕਮਾਨ ਸੌਂਪ ਦਿੱਤੀ ਹੈ, ਜਿਸ ਨਾਲ ਇਸ ਰਾਜ ਵਿੱਚ ਇਸ ਪਾਰਟੀ ਦਾ ਨੁਕਸਾਨ ਹੋਇਆ ਹੈ।


HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਬਿਲ ਗੇਟਸ ਵੱਲੋਂ ਔਰਤ ਮੁਲਾਜ਼ਮ ਨੂੰ ਡੇਟ ਲਈ ਭੇਜੀਆਂ ਈਮੇਲਾਂ ਦਾ ਤਲਾਕ ਤੋਂ ਬਾਅਦ ਖੁਲਾਸਾ

ਵਾਸ਼ਿੰਗਟਨ-ਮਾਈਕ੍ਰੋਸਾਫਟ ਦੇ ਮੋਢੀ ਅਤੇ ਦੁਨੀਆ ਦੀਆਂ ਸਭ ਤੋਂ ਅਮੀਰ ਹਸਤੀਆਂ ਵਿੱਚ ਸ਼ਾਮਲ ਬਿਲ ਗੇਟਸ ਦੇ ਪਤਨੀ ਮੇਲਿੰਡਾ ਗੇਟਸ ਨਾਲ ਤਲਾਕ ਤੋਂ ਬਾਅਦ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨਾਲ ਜੁੜੀਆਂ ਕਈ ਜਾਣਕਾਰੀਆਂ ਸਾਹਮਣੇ ਆਉਣ ਲੱਗੀਆਂ ਹਨ। ਪਤਾ ਲੱਗਾ ਹੈ ਕਿ ਬਿਲ ਗੇਟਸ ਨੇ 2008 ਵਿੱਚ ਕੰਪਨੀ ਦੀ ਇੱਕ ਔਰਤ ਮੁਲਾਜ਼ਮ ਨੂੰ ਈਮੇਲ ਭੇਜ ਕੇ ਡੇਟ ਉੱਤੇ ਚੱਲਣ ਨੂੰ ਕਿਹਾ ਸੀ। ਇਸ ਦਾ ਪਤਾ ਲੱਗਣ ਉੱਤੇ ਕੰਪਨੀ ਦੇ ਸੀਨੀਅਰ ਅਧਿਕਾਰੀਆਂ ਨੇ ਗੇਟਸ ਨੂੰ ਚਿਤਾਵਨੀ ਦਿੱਤੀ ਸੀ। ਮਾਈਕ੍ਰੋਸਾਫਟ ਦੇ ਬੁਲਾਰੇ ਅਨੁਸਾਰ ਇਹ ਮੇਲ ਜਦੋਂ ਭੇਜੀਗਈ, ?ਦੋਂ ਉਹ ਕੰਪਨੀ ਵਿੱਚ ਫੁੱਲ ਟਾਈਮ ਮੁਲਾਜ਼ਮ ਅਤੇ ਕੰਪਨੀ ਦੇ ਚੇਅਰਮੈਨ ਸਨ। ਵਰਨਣ ਯੋਗ ਹੈ ਕਿ ਬਿਲ ਗੇਟਸ ਤੇ ਮੇਲਿੰਡਾ ਦਾ ਸਾਲ 1994 ਵਿੱਚ ਵਿਆਹ ਹੋਇਆ ਸੀ ਤੇ ਇਸੇ ਸਾਲ ਅਗਸਤ ਵਿੱਚ ਬਿਲ ਗੇਟਸ ਅਤੇ ਮੇਲਿੰਡਾ ਫਰੇਂਚ ਗੇਟਸ ਦਾ ਰਸਮੀ ਤੌਰ ਉੱਤੇ ਤਲਾਕ ਹੋ ਗਿਆ ਹੈ। 27 ਸਾਲਾਂ ਦੇ ਵਿਆਹੁਤਾ ਜੀਵਨ ਤੋਂ ਬਾਅਦ ਦੋਨਾਂ ਨੇ ਤਿੰਨ ਮਈ ਨੂੰ ਤਲਾਕ ਲਈ ਅਰਜ਼ੀ ਦਾਖਲ ਕੀਤੀ ਸੀ।ਬਿਲ ਅਤੇ ਮੇਲਿੰਡਾ ਗੇਟਸ ਦੁਨੀਆ ਦੇ ਸਭ ਤੋਂ ਵੱਡੇ ਨਿੱਜੀ ਚੈਰਿਟੀ ਟਰਸਟਾਂ ਵਿੱਚੋਂ ਇੱਕ ਬਿਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ ਦੇ ਮੋਢੀ ਵੀ ਹਨ। ਸਿਏਟਲ ਦੀ ਇਸ ਫਾਊਂਡੇਸ਼ਨ



ਨੇ ਪਿਛਲੇ ਦੋ ਦਹਾਕਿਆਂ ਦੌਰਾਨ ਗਲੋਬਲ ਸਿਹਤ ਅਤੇ ਹੋਰ ਚੈਰਿਟੀ ਕਾਰਜ਼ਾਂ ਉੱਤੇ ਸਾਢੇ ਤਿੰਨ ਲੱਖ ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਹਨ। ਸਾਲ 2020 ਵਿੱਚ ਬਿਲ ਗੇਟਸ ਨੇ ਮਾਈਕ੍ਰੋਸਾਫਟ ਅਤੇ ਬਰਕਸ਼ਾਇਰ ਹੈਥਵੇ ਦੇ ਬੋਰਡ ਤੋਂ ਅਸਤੀਫ਼ਾ ਦੇ ਦਿੱਤਾ ਸੀ। ਬਰਕਸ਼ਾਇਰ ਹੈਥਵੇ ਬਿਲ ਗੇਟਸ ਦੇ ਦੋਸਤ ਤੇ ਦੁਨੀਆ ਦੇ ਸਭ ਤੋਂ ਮਸ਼ਹੂਰ ਇਨਵੈਸਟਰ ਵਾਰੇਨ ਬਫੇਟ ਚਲਾਉਂਦੇ ਹਨ। ਬਿਲ ਗੇਟਸ ਨੇ ਅਸਤੀਫ਼ਾ ਦੇਣ ਪਿੱਛੋਂ ਕਿਹਾ ਸੀ ਕਿ ਉਹ ਸਤਿਆ ਨਡੇਲਾ ਦੇ ਟੇਕ ਐਡਵਾਈਜਰ ਬਣੇ ਰਹਿਣਗੇ।ਇਸੇ ਤਰ੍ਹਾਂ ਦਾ ਕਥਿਤ ਵਿਹਾਰ ਇੱਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ 2008 ਵਿੱਚ ਬਿਲ ਗੇਟਸ ਦਾ ਰਿਪੋਰਟ ਕੀਤਾ ਗਿਆ ਸੀ। ਇਸੇ ਕਾਰਨ ਟੇਕ ਕੰਪਨੀ ਨੇ 2019 ਵਿੱਚ ਇੱਕ ਕਾਨੂੰਨੀ ਫਰਮ ਨੂੰ ਨਿਯੁਕਤ ਕੀਤਾ, ਜਿਸ ਨੇ ਇੱਕ ਮਹਿਲਾ ਇੰਜੀਨੀਅਰ ਦੇ ਇੱਕ ਪੱਤਰ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਜਾਂਚ ਕਾਰਨ ਗੇਟਸ ਨੂੰ ਪਿਛਲੇ ਸਾਲ ਮਾਈਕ੍ਰੋਸਾਫਟ ਦੇ ਬੋਰਡ ਤੋਂ ਬਾਹਰ ਨਿਕਲਣਾ ਪਿਆ ਸੀ।

## ਚਾਰ ਦਿਨਾਂ ਦੀ ਸ਼ੂਟਿੰਗ ਲਈ ਸੱਤ ਦਿਨ ਟਰੇਨਿੰਗ

ਮੁੰਬਈ-ਕਲਾਕਾਰ ਅਤੇ ਰੀਅਲ ਲਾਈਫ ਵਿੱਚ ਪਤੀ-ਪਤਨੀ ਗੁਰਮੀਤ ਚੌਧਰੀ ਤੇ ਦੇਬੀਨਾ ਬੈਨਰਜੀ ਨੇ ਕਰੀਬ 11 ਸਾਲ ਬਾਅਦ ਇੱਕ ਦੂਸਰੇ ਨਾਲ ਕੰਮ ਕੀਤਾ। ਦੋਵੇਂ ਪਿੱਛੇ ਜਿਹੇ ਰਿਲੀਜ਼ ਹੋਈ ਸ਼ਾਰਟ ਫਿਲਮ 'ਸ਼ੁਭੋ ਬਿਜੋਇ ਵਿੱਚ ਨਜ਼ਰ ਆਏ ਹਨ। ਇਸ ਤੋਂ ਪਹਿਲਾਂ ਦੋਵੇਂ 'ਰਾਮਾਇਣ ਸੀਰੀਅਲ ਵਿੱਚ ਰਾਮ ਅਤੇ ਸੀਤਾ ਦੇ ਕਿਰਦਾਰ ਵਿੱਚ ਦਿੱਸੇ ਸਨ। 11 ਸਾਲ ਬਾਅਦ ਦੋਬਾਰਾ ਇਕੱਠੇ ਕੰਮ ਕਰਨ ਬਾਰੇ ਦੇਬਿਨਾ ਦਾ ਕਹਿਣਾ ਹੈ, 'ਪਹਿਲਾਂ ਅਸੀਂ ਇੰਨੇ ਮੈਚਿ ?ਰ ਨਹੀਂ ਸੀ, ਕਈ ਵਾਰ ਨਾਰਾਜ਼ ਹੋ ਜਾਂਦੇ ਸੀ। ਇਸ ਵੇਲੇ ਏਦਾਂ ਨਹੀਂ ਹੈ। ਸਾਨੂੰ ਸਮਝ ਆ ਗਿਆ ਹੈ ਕਿ ਸਾਡਾ ਕੰਮ ਕਰਨ ਦਾ ਤਰੀਕਾ ਅਲੱਗ ਹੈ, ਅਸੀਂ ਆਪਣੀ ਤਿਆਰੀ ਅਲੱਗ-ਅਲੱਗ ਕਰਦੇ ਹਾਂ, ਤਦ ਹੀ ਕੰਮ ਵਿੱਚ ਨਵਾਂਪਣ ਆਉਂਦਾ ਹੈ। ਗੁਰਮੀਤ ਨੇ ਕਿਹਾ, 'ਸ਼ਾਰਟ ਫਿਲਮ ਦੀ ਖਾਸੀਅਤ ਇਹ ਹੁੰਦੀ ਹੈ ਕਿ ਘੱਟ ਸਮੇਂ ਵਿੱਚ ਤੁਹਾਨੂੰ ਚੰਗਾ ਕੰਮ ਕਰ ਕੇ ਦਿਖਾਉਣ ਦਾ ਮੌਕਾ ਮਿਲਦਾ ਹੈ। ਆਪਣਾ ਟੈਲੇਂਟ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾ ਸਕਦੇ ਹੋ। ਇਸ ਸ਼ਾਰਟ ਫਿਲਮ ਵਿੱਚ ਮੈਂ ਨੇਤਰਹੀਣ ਦਾ ਕਿਰਦਾਰ ਨਿਭਾਇਆ ਹੈ। ਅੱਜ ਕੱਲ੍ਹ ਲੋਕ ਵਰਲਡ ਸਿਨੇਮਾ ਦੇਖ ਰਹੇ ਹਨ। ਇਸ ਲਈ ਮੈਨੂੰ ਆਪਣੀ ਤਿਆਰੀ ਕਰਨੀ ਪਈ। ਅੱਖਾਂ ਬੰਦ ਕਰ ਕੇ ਨੇਤਰਹੀਣ ਦੀ ਐਕਟਿੰਗ ਨਹੀਂ ਕਰ ਸਕਦੇ। ਚਾਰ ਦਿਨਾਂ ਵਿੱਚ ਇਸ ਫਿਲਮ ਦੀ ਸ਼ੂਟਿੰਗ ਹੋਈ ਹੈ, ਪਰ ਮੇਰੀ ਟਰੇਨਿੰਗ ਸੱਤ ਦਿਨ ਚੱਲੀ ਸੀ। ਜੋ ਦੇਖ ਨਹੀਂ ਸਕਦੇ ਹਨ, ਉਹ ਕਿਵੇਂ ਚੱਲਦੇ ਹਨ, ਨੋਟ ਜਾਂ ਸਿੱਕਾ ਕਿਵੇਂ ਪਛਾਣਦੇ ਹਨ, ਇਹ ਸਭ ਸਿੱਖ ਕੇ ਮੈਂ ਸ਼ੂਟਿੰਗ ਸ਼ੁਰੂ ਕੀਤੀ ਸੀ।

## ਖ਼ਤਮ ਹੋਣ ਜਾ ਰਹੇ ਹਨ ਕੈਨੇਡਾ ਰਿਕਵਰੀ ਬੈਨੇਫਿਟ

ਓਟਵਾ-ਕੈਨੇਡਾ ਰਿਕਵਰੀ ਬੈਨੇਫਿਟ (ਸੀ ਆਰ ਬੀ ) 23 ਅਕਤੂਬਰ ਨੂੰ ਖ਼ਲ਼ਤਮ ਹੋਣ ਜਾ ਰਹੇ ਹਨ।ਇਸ ਤੋਂ ਬਾਅਦ ਇਨ੍ਹਾਂ ਬੈਨੇਫਿਟਜ਼ ਦੀ ਥਾਂ ਟਾਰਗੈੱਟ ਬੈਨੇਫਿਟ ਲੈ ਲੈਣਗੇ, ਜਿਨ੍ਹਾਂ ਰਾਹੀਂ ਉਨ੍ਹਾਂ ਵਿਅਕਤੀਆਂ ਦੀ ਹੀ ਮਦਦ ਕੀਤੀ ਜਾਵੇਗੀ, ਕੋਵਿਡ-19 ਲਾਕਡਾਊਨਜ਼ ਕਾਰਨ ਜਿਨ੍ਹਾਂ ਦੇ ਕੰਮ ਦਾ ਨੁਕਸਾਨ ਹੋਇਆ ਹੋਵੇਗਾ। ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ 24 ਅਕਤੂਬਰ ਤੋਂ ਕੈਨੇਡਾ ਵਰਕਰ ਲਾਕਡਾਊਨ ਬੈਨੇਫਿਟ ਸ਼ੁਰੂ ਹੋ ਜਾਣਗੇ ਤੇ ਇਸ ਤਹਿਤ ਲਾਕਡਾਊਨ ਕਾਰਨ ਜਿਨ੍ਹਾਂ ਵਰਕਰਜ਼ ਦਾ ਨੁਕਸਾਨ ਹੋਇਆ ਹੋਵੇਗਾ ਉਨ੍ਹਾਂ ਨੂੰ ਹਫਤੇ ਦੇ 300 ਡਾਲਰ ਮੁਹੱਈਆ ਕਰਵਾਏ ਜਾਣਗੇ। ਫਰੀਲੈਂਡ ਨੇ ਵੀਰਵਾਰ ਨੂੰ ਆਖਿਆ ਕਿ ਆਉਣ ਵਾਲੇ ਮਹੀਨਿਆਂ ਵਿੱਚ ਵੀ ਲਾਕਡਾਊਨਜ਼ ਲੱਗ ਸਕਦੇ ਹਨ।ਪਰ ਅਸੀਂ ਕੈਨੇਡੀਅਨਜ਼ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਅਸੀਂ ਅਜਿਹੇ ਮਾਪਦੰਡ ਲਿਆਉਣ ਜਾ ਰਹੇ ਹਾਂ ਜਿਹੜੇ ਫੌਰੀ ਲਾਗੂ ਹੋਣਗੇ। ਸੀ ਆਰ ਬੀ, ਜਿਸਨੇ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ ਦੀ ਥਾਂ ਲਈ, ਵੱਲੋਂ ਅਜਿਹੇ ਵਿਅਕਤੀਆਂ ਦੀ ਆਰਥਿਕ ਤੌਰ ਉੱਤੇ ਮਦਦ ਕੀਤੀ ਗਈ ਜਿਹੜੇ ਕੋਵਿਡ-19 ਨਾਲ ਸਬੰਧਤ ਕਾਰਨਾਂ ਕਰਕੇ ਬੇਰੋਜ਼ਗਾਰ ਜਾਂ ਸੈਲਫ ਇੰਪਲੌਇਡ ਹੋਏ ਜਾਂ ਜਿਨ੍ਹਾਂ ਦੀ ਹਫਤਾਵਾਰੀ ਆਮਦਨ ਵਿੱਚ ਪਿਛਲੇ ਸਾਲ ਦੇ ਮੁਕਾਬਲੇ 50 ਫੀ ਸਦੀ ਕਮੀ ਆਈ।ਇਹ ਉਨ੍ਹਾਂ ਉੱਤੇ ਲਾਗੂ ਹੋਈ ਜਿਨ੍ਹਾਂ ਨੂੰ ਇੰਪਲੌਇਮੈਂਟ ਇੰਸ਼ੋਰੈਂਸ ਬੈਨੇਫਿਟਸ ਹਾਸਲ ਨਹੀਂ ਹੋਏ ਤੇ ਇਸ ਨੂੰ ਕੈਨੇਡਾ ਰੈਵਨਿਊ ਏਜੰਸੀ ਵੱਲੋਂ ਸੰਚਾਲਿਤ ਕੀਤਾ ਗਿਆ। ਇਸ ਦੌਰਾਨ ਫਰੀਲੈਂਡ ਵੱਲੋਂ ਬਿਜ਼ਨਸਿਜ਼ ਲਈ ਮਹਾਂਮਾਰੀ ਸਬੰਧੀ ਹੋਰ ਬੈਨੇਫਿਟਸ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦਾ ਵੀ ਐਲਾਨ ਕੀਤਾ ਗਿਆ।

NORTHCOAST
LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks





14682 - 66th Ave, Surrey, BC, V3S 1Z9
Fax: 604-597-0854
www.lumber1.ca/contractor

GLOBAL INSURANCE
"WE SECURE YOUR VALUES"
Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes



GULSHARAN S. WALIA HARVINDER WALIA KANWAR (SUNNY) WALIA

• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਂਸ
• ਵਿਜਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ
Autoplan
New Producers Welcome
Call Now For SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਫੋਨ ਕਰੋ
ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ
Open 7 Days a Week
ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ
3 LOCATIONS TO SERVE YOU :
www.globalins.ca
#101 - 2464 Clearbrook Rd. Abbotsford, BC V2T 2X8 604-852-8111 Fax: 604-852-4446
#102 - 18408 64th Ave. Surrey, BC V3S 1E9 604-574-5115 Fax: 604-574-5116
#115 - 6820 188th St. Surrey, BC V4N 3G6 604-574-1771 Fax: 604-574-1761




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

599 ਸੌਂਹਾਂ ਪਾ ਕੇ ਕੁਰਾਨ ਸਰੀਫ਼ ਦੀਆਂ, ਸਰਸਾ ਨਦੀ ਤੇ ਅਸੀਂ ਆਂ ਤੋੜ ਬੈਠੇ।
ਅੱਲਾ-ਤਾਲਾ ਹਕੂਮਤਾਂ ਬਖ਼ਸ਼ੀਆਂ ਨੇ, ਅਸੀਂ ਉਸ ਤੋਂ ਮੁੱਖ ਹਾਂ ਮੋੜ ਬੈਠੇ।
ਮੁੱਲਾਂ-ਕਾਜੀ ਤੇ ਸੁੱਚਾ ਨੰਦ ਜੈਸੇ, ਪਾ ਇਸਲਾਮ ਦੇ ਵਿੱਚ ਨੇ ਕੋੜ੍ਹ ਬੈਠੇ।
ਅਸੀਂ ਸੂਰਮੇ ਜੰਗਾਂ ਕਰਨ ਵਾਲੇ, ਹਰਚੰਦ ਸਿੰਘਾ, ਕਚਹਿਰੀਆਂ ਜੋੜ ਬੈਠੇ॥

600 ਜੋ ਕਲੀਆਂ ਪੱਥਰਾਂ ਹੇਠ ਚਿਣਦੇ, ਉਹ ਵੀ ਪੱਥਰਾਂ ਹੇਠ ਨੇ ਆ ਜਾਂਦੇ।
ਕਦੇ ਭੁਜਦੀ ਧੁੱਪਾਂ ਦੇ ਨਾਲ ਧਰਤੀ, ਕਦੇ ਹੜ੍ਹ ਨੇ ਫੇਰੀਆਂ ਪਾ ਜਾਂਦੇ।
ਉਤੇ ਬੈਠਾ ਇੱਕ ਇਨਸਾਫ ਵਾਲਾ, ਜਦ ਉਸਨੂੰ ਲੋਕ ਭੁਲਾ ਜਾਂਦੇ।
ਹਰਚੰਦ ਸਿੰਘਾ ਪੜ੍ਹ ਇਤਿਹਾਸ ਤਾਈਂ, ਰਾਵਣ ਵਾਂਗ ਉਹ ਲੰਕਾ ਢੁਹਾਅ ਜਾਂਦੇ॥

601 ਹਜ਼ੂਰ ਹਾਕਮ ਨੇ ਸਾਰੀ ਪਰਜਾ ਦੇ, ਰੱਖੋ ਸਭ ਨੂੰ ਇੱਕੋ ਸਥਾਨ ਉਤੇ।
ਸਜਾ ਦੋਸੀ ਨੂੰ ਦੇਵੋ ਗੁਨਾਹ ਬਦਲੇ, ਬੇ-ਕਸੂਰ ਨੂੰ ਰੱਖੋ ਜਾਨ ਉਤੇ।
ਸਜਾ ਪਿਉ ਦੀ ਦੇਉ ਨਾ ਪੁੱਤਰਾਂ ਨੂੰ, ਰਹੋ ਆਪਣੀ ਪਾਕ ਜ਼ੁਬਾਨ ਉਤੇ।
ਹਰਚੰਦ ਸਿੰਘਾ ਰਹੋ ਨਿਰਪੱਖ ਹੋ ਕੇ, ਰਾਜ ਕਰਨਾ ਜੇ ਹਿੰਦੁਸਤਾਨ ਉਤੇ॥

601 ਸਹੁੰ ਆਪ ਨੂੰ ਆਪਣੀ ਦੋਸਤੀ ਦੀ, ਮੂੰਹ ਛੋਟਾ ਵੱਡੀ ਹੈ ਗੱਲ ਮੀਆਂ।
ਕਤਲ ਇਹ ਮਾਸੂਮ ਜੇ ਕਰ ਦਿੱਤੇ, ਆਫ਼ਤ ਆਏਗੀ ਕਿੱਧਰੋਂ ਚੱਲ ਮੀਆਂ।
ਦਮ ਤੋੜ ਤੇ ਸ਼ਾਹ-ਸਿਕੰਦਰਾਂ ਨੇ, ਆਖਰ ਚੱਲੇ ਕਬਰਾਂ ਵੱਲ ਮੀਆਂ।
ਹਰਚੰਦ ਸਿੰਘਾ ਸੁੱਚੇ ਨੰਦ ਤਾਈਂ, ਨਾਲੇ ਕਾਜੀਆਂ ਚੜ੍ਹਿਆ ਝੱਲ ਮੀਆਂ॥

602 ਮਾਫ ਕਰੀ ਗੁਸਤਾਖ਼ੀ ਜੇ ਹੋਈ, ਮੈਂ ਤੇ ਹਾ-ਦਾ ਨਾਰ੍ਹਾ ਮਾਰਿਆ ਏ।
ਬਾਕੀ ਸਾਰੇ ਚੁੱਪਾਂ ਧਾਰ ਬੈਠੇ, ਮੈਨੂੰ ਮੇਰੇ ਫਰਜ਼ ਪੁਕਾਰਿਆ ਏ।
ਦੋਸਤ ਉਹੀ ਨਿਭਾਏ ਦੋਸਤੀ ਜੋ, ਗ਼ਲਤ ਕੰਮ ਨੂੰ ਤਾਂ ਹੀ ਨਕਾਰਿਆ ਏ।
ਹਰਚੰਦ ਸਿੰਘਾ ਜੋ ਸਿਰ ਸਵਾਰ ਹੋਇਆ, ਸੁੱਚੇ ਭੂਤ ਦਾ ਭੂਤ ਉਤਾਰਿਆ ਏ॥

### ਸੁੱਚਾ ਨੰਦ

603 ਸੁੱਚਾ ਸੁਣ ਕੇ ਸੱਚੀਆਂ ਸਾਫ ਗੱਲਾਂ, ਸ਼ੇਰ ਖਾਂ ਦੇ ਉਤੇ ਸੀ ਵਰਨ ਲੱਗਾ।
ਮੈਂ ਸਰਕਾਰ ਦਾ ਨਮਕ ਹਲਾਲ ਕੀਤਾ, ਤੂੰ ਗੱਦਾਰੀ ਇਸਲਾਮ ਨਾਲ ਕਰਨ ਲੱਗਾ।
ਮੁਗਲ ਸਲਤਨਤ ਦੁਨੀਆਂ ਵਿੱਚ ਫੈਲੀ, ਤੂੰ ਤੇ ਕਾਫ਼ਰਾਂ ਕੋਲੋਂ ਡਰਨ ਲੱਗਾ।
ਹਰਚੰਦ ਸਿੰਘਾ ਹੋਇਆ ਦਲੇਰ ਹਿੰਦੂ, ਵਜ਼ੀਰ ਖਾਂ ਦੇ ਕੰਨ ਸੀ ਭਰਨ ਲੱਗਾ॥

604 ਸੱਪ ਮਾਰਿਆਂ ਕੋਈ ਨਾ ਪਾਪ ਲੱਗੇ, ਸੱਪ ਮਾਰਨਾ ਬੜਾ ਹੈ ਪੁੰਨ ਮੀਆਂ।
ਜਦ ਸੱਪ ਨੀ ਭੋਰਾ ਲਿਹਾਜ਼ ਕਰਦਾ, ਡੰਗ ਮਾਰਕੇ ਕਰਦਾ ਸੁੰਨ ਮੀਆਂ।
ਪਹਿਲਾਂ ਇਸ ਤੋਂ ਘਾਟਾ ਉਡ ਜਾਏ, ਪਾਣੀ ਪਾ ਕੇ ਲਈਏ ਗੁੰਨ ਮੀਆਂ।
ਹਰਚੰਦ ਸਿੰਘਾ ਇਸਲਾਮ ਇਹ ਆਖਦਾ ਏ, ਕਾਫ਼ਰ ਮਾਰਨਾ ਮੋਮਨਾਂ ਪੁੰਨ ਮੀਆਂ॥

605 ਸ਼ੇਰ ਖਾਨ ਕਚਹਿਰੀ 'ਚੋਂ ਉਠ ਤੁਰਿਆ, ਉਥੇ ਕੱਲੇ ਦਾ ਜ਼ੋਰ ਨਾ ਚੱਲਿਆ ਏ।
ਸਾਹਿਬਜ਼ਾਦਿਆਂ ਕੋਲ ਦੀ ਜਦ ਲੰਘਾ, ਅੱਖਾਂ ਭਰੀਆਂ ਕਾਲਜਾ ਹੱਲਿਆ ਏ।
ਪਿਆਰ ਦਿੱਤਾ ਘੁੱਟ ਸਾਹਿਬਜ਼ਾਦਿਆ ਨੂੰ, ਅੰਦਰ ਉਸਦਾ ਪੀੜਾਂ ਛੱਲਿਆ ਏ।
ਹਰਚੰਦ ਸਿੰਘਾ ਜ਼ੁਲਮ ਨਹੀਂ ਵੇਖ ਹੋਣਾ, ਸਿਰ ਖ਼ਾਨ ਵਜ਼ੀਰ ਦਾ ਹੱਲਿਆ ਏ॥

606 ਮਤਾ "ਮੌਤ ਜਾਂ ਇਸਲਾਮ" ਦਾ ਜ਼ਾਲਮਾਂ ਨੇ, ਲਿਆ ਸਭਾ ਤੋਂ ਪਾਸ ਕਰਵਾ ਦਾਤਾ।
ਜਿਉਂਦੇ ਜੀ ਕੰਧਾਂ ਦੇ ਵਿਚ ਚਿਣਨੇ, ਸਾਧਨ ਸਜ਼ਾ ਦਾ ਲਿਆ ਬਣਾ ਦਾਤਾ।
ਇੱਟਾਂ ਪੱਕੀਆਂ ਤੁਰੰਤ ਮੰਗਵਾ ਲਈਆਂ, ਗਾਰਾ ਮਿੱਧ ਕੇ ਲਿਆ ਮੰਗਵਾ ਦਾਤਾ।
ਹਰਚੰਦ ਸਿੰਘਾ ਉਸਾਰੀ ਹੋਣ ਲੱਗੀ, ਲਏ ਉਨ੍ਹਾਂ ਨੇ ਰਾਜ ਬੁਲਾ ਦਾਤਾ॥

607 (ਬਾਬਾ) ਫ਼ਤਿਹ ਸਿੰਘ ਜੀ ਪੁੱਛਦੇ ਵੀਰਨੇ ਤੋਂ, ਆਹ ਕੀ ਇਹ ਲੋਕ ਨੇ ਕਰਨ ਲੱਗੇ।
(ਬਾਬਾ) ਜ਼ੋਰਾਵਰ ਸਿੰਘ ਜੀ ਕਹਿਣ ਲੱਗੇ, ਨਿਊਂ ਸਿੱਖੀ ਦੇ ਮਹਿਲ ਦੀ ਧਰਨ ਲੱਗੇ।
ਪੁੱਟਣ ਲੱਗੇ ਕਬਰਾਂ ਆਪਣੀਆਂ ਇਹ, ਬੇੜੀ ਪੱਥਰਾਂ ਨਾਲ ਨੇ ਭਰਨ ਲੱਗੇ।
ਚਾਰਾ ਹੋਰ ਤੇ ਕੋਈ ਚੱਲਿਆ ਨਹੀਂ, ਆਪਣੀ ਮੌਤ ਤੋਂ ਪਹਿਲਾਂ ਮਰਨ ਲੱਗੇ॥

608 ਕੰਧ ਮੋਢਿਆਂ ਹਾਣ ਦੀ ਜਦ ਹੋਈ, ਸਾਹਿਬਜ਼ਾਦਿਆਂ ਚੜ੍ਹੀਆਂ ਠਾਰੀਆਂ ਨੇ।
ਠੰਡਾ ਗਾਰਾਂ ਇੱਟਾਂ ਵੀ ਠੰਡੀਆਂ ਨੇ, ਖ਼ੂਨ ਜੰਮਿਆ ਜੰਮੀਆਂ ਨਾੜੀਆਂ ਨੇ।
ਪੈਰ ਸੌਂ ਗਏ ਵੱਜਣ ਦੰਦ ਲੱਗੇ, ਹੋਈ ਜਾਂਦੀਆਂ ਕੰਧਾਂ ਭਾਰੀਆਂ ਨੇ।
ਹਰਚੰਦ ਸਿੰਘਾ ਸਾਹਿਬਜ਼ਾਦਿਆਂ ਨੇ, ਅਡੋਲ ਹੋ ਕੇ ਪੀੜਾਂ ਸਹਾਰੀਆਂ ਨੇ॥

609 ਵਜ਼ੀਰ ਖਾਂ ਸੀ ਉਠ ਕੇ ਕੋਲ ਆਇਆ, ਆ ਕੇ ਬੱਚਿਆਂ ਤਾਈਂ ਡਰਾਉਣ ਲੱਗਾ।
ਸ਼ਾਇਦ ਡਰ ਕੇ ਹੁਣ ਤੇ ਮੰਨ ਜਾਸੀ, ਆ ਕੇ ਸਿਦਕ ਸੀ ਫਿਰ ਅਜਮਾਉਣ ਲੱਗਾ।
ਜੋਰਾਵਰ ਭਬਕਿਆ ਸ਼ੇਰ ਵਾਂਗੂ, ਕਿਉਂ ਪਾਪੀਆਂ ਤੂੰ ਘਬਰਾਉਣ ਲੱਗਾ।
ਕਬਰ ਤੇਰੀ ਉਡੀਕਦੀ ਪਈ ਤੈਨੂੰ, ਕਿਉਂ ਮਰਨ ਤੋਂ ਡਰ ਹੈ ਆਉਣ ਲੱਗਾ॥

### ਸਾਹਿਬਜ਼ਾਦੇ

610 ਅਸੀਂ ਤੈਨੂੰ ਸਰਾਫ਼ ਪਏ ਦੇਂਵਦੇ ਹਾਂ, ਤੇਰਾ ਛੇਤੀ ਹੀ ਸੱਤਿਆਨਾਸ ਹੋਣਾ।
ਮਹਿਲ-ਮਾੜੀਆਂ, ਕਿਲ੍ਹੇ ਕਚਹਿਰੀਆਂ ਇਹ, ਕੁੱਝ ਵੀ ਤੇਰੇ ਨਹੀਂ ਪਾਸ ਹੋਣਾ।
ਇੱਟ ਇੱਟ ਸਰਹਿੰਦ ਦੀ ਹੋ ਜਾਣੀ, ਪਰਜਾ ਮੁੱਕਣੀ ਥੇਹ ਬਰਾਨ ਹੋਣਾ।
ਹਰਚੰਦ ਸਿੰਘਾ ਦੋਜ਼ਖ ਦੀ ਅੱਗ ਸੜਨਾ, ਤੇਰਾ ਗਲੀਏਂ ਰੁਲਣਾ ਮਾਸ ਹੋਣਾ॥

### ਵਜ਼ੀਰ ਖਾਂ

611 ਪਾਪੀ ਆਤਮਾ ਉਸਦੀ ਕੰਬ ਗਈ, ਵਿੱਚ ਡਰ ਦੇ ਉਹ ਬੁਖਲਾਇਆ ਏ।
ਇਹ ਬਦ-ਅਸੀਸਾਂ ਬੰਦ ਕਰਦੋ, ਝੱਟ ਜਲਾਦਾਂ ਤਾਈਂ ਬੁਲਾਇਆ ਏ।
ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਆਏ, ਕਾਲੇ ਟੋਪਿਆਂ ਮੂੰਹ ਛੁਪਾਇਆ ਏ।
ਉਸੇ ਵੇਲੇ ਜਲਾਦਾਂ ਨੇ ਪੜ੍ਹ ਕਲਮੇ, ਸੀਸ ਕੱਟ ਕੇ ਕਹਿਰ ਕਮਾਇਆ ਏ॥

### ਨੂਰੇ ਮਾਹੀ ਦੇ ਮੂੰਹੋਂ ਸਾਰੀ ਵਿਥਿਆ ਸੁਣਕੇ ਗੁਰੂ ਜੀ ਨੇ ਕਹਿਣਾ

612 ਇਤਨਾ ਆਖਕੇ ਮਾਹੀ ਦਾ ਗੱਚ ਭਰਿਆ, ਅੱਗੇ ਜੀਭ ਤੇ ਸ਼ਬਦ ਨਾ ਆਂਵਦੇ ਨੇ।
ਗਾਥਾ ਦੁੱਖ ਦੀ ਸੁਣ ਕੇ ਸਭ ਉਥੇ, ਭੁਬੀਂ ਰੋਂਵਦੇ ਆਂਸੂ ਬਹਾਂਵਦੇ ਨੇ।
ਨਜ਼ਰਾਂ ਨਾਲ ਅਕਾਸ਼ ਦੇ ਜੋੜ ਸਤਿਗੁਰ, ਕੁੱਝ ਪਲ ਉਹ ਬਿਰਤੀ ਲਾਂਵਦੇ ਨੇ।
ਤੇਰੀ ਦਾਤ ਮੈਂ ਦਾਤਾ ਮੋੜ ਦਿੱਤੀ, ਸਤਿਗੁਰ ਸਹਿਜ ਹੀ ਆਖ ਸੁਣਾਂਵਦੇ ਨੇ॥

### ਮੋਤੀ ਮਹਿਰਾ

613 ਮੋਤੀ ਮਹਿਰਾ ਮਾਤਾ ਨੂੰ ਜਾ ਕਹਿੰਦਾ, ਨਾ ਹੋਰ ਦੁਆਵਾਂ ਮੰਗ ਮਾਤਾ।
ਤੇਰੇ ਪੋਤਰੇ ਛੱਡ ਗਏ ਸਾਥ ਤੇਰਾ, ਜਾ ਬੈਠੇ ਦਾਦੇ ਦੇ ਸੰਗ ਮਾਤਾ।
ਕਿਵੇਂ ਸਿਦਕ ਨਿਭਾਇਆ ਨਿੱਕਿਆਂ ਨੇ, ਪਾਪੀ ਦੇਖ ਕੇ ਰਹਿ ਗਏ ਦੰਗ ਮਾਤਾ।
ਹਰਚੰਦ ਸਿੰਘਾ ਖ਼ੂਨ ਜੋ ਡੁੱਲ੍ਹਿਆ ਏ, ਲਿਆਊ ਦੇਸ ਤੇ ਇਕ ਦਿਨ ਰੰਗ ਮਾਤਾ॥

### ਨੂਰਾ ਮਾਹੀ

614 ਖਬਰ ਸੁਣ ਕੇ ਮੋਤੀ ਤੋਂ ਪੋਤਿਆਂ ਦੀ, ਮਾਤਾ ਬੋਲੀ 'ਸਤਿਕ ਕਰਤਾਰ' ਦਾਤਾ।
ਹੱਥ ਜੋੜ ਕੇ ਕੀਤੀ ਅਰਦਾਸ ਉਸਨੇ, ਛਾਲ ਦਿੱਤੀ ਫਿਰ ਬੁਰਜ ਤੋਂ ਮਾਰ ਦਾਤਾ।
ਲੰਬੇ ਸਮੇਂ ਤੋਂ ਵਿਚ ਕਲਬੂਤ ਦੇ ਜੋ, ਹੋਈ ਛੱਡ ਕੇ ਰੂਹ ਉਡਾਰ ਦਾਤਾ।
ਟੋਡਰ ਮੱਲ ਨੇ 'ਤਾਰ ਕੇ ਰਕਮ ਭਾਰੀ, ਕੀਤਾ ਤਿੰਨ੍ਹਾਂ ਦਾ ਸੰਸਕਾਰ ਦਾਤਾ॥

### ਗੁਰੂ ਜੀ ਨੇ ਮੁ.ਗਲਾਂ ਦੀ ਜੜ ਪੁੱਟਣੀ

615 ਤਿੱਖੀ ਨੋਕ ਤਲਵਾਰ ਦੀ ਨਾਲ ਸਤਿਗੁਰ, ਬੂਟਾ ਕਾਹੀ ਦਾ ਜੜਾਂ ਤੋਂ ਪੁੱਟਦੇ ਨੇ।
ਜੜ ਪੱਟੀ ਅੱਜ ਤੋਂ ਮੁਗਲਾਂ ਦੀ, ਮੁਖਾਰ ਬਿੰਦ ਤੋਂ ਸ਼ਬਦ ਇਹ ਰੱਟਦੇ ਨੇ।
ਰਾਜ-ਭਾਗ ਇਹ ਛੇਤੀ ਤਬਾਹ ਹੋਣਾ, ਰੱਤ ਜੋ ਮਾਸੂਮਾਂ ਦੀ ਚੱਟ ਦੇ ਨੇ।
ਹਰਚੰਦ ਸਿੰਘਾ ਫਲਨਗੇ ਜੱਗ ਉਤੇ, ਨੇਕ ਪੁਰਖ ਜੋ ਨੇਕੀਆਂ ਖੱਟਦੇ ਨੇ॥

616 ਜੋ ਰੋਕੜਾ ਸ਼ਾਹ ਤੋਂ ਲੈ ਲਈਏ, ਉਸ ਉਤੇ ਕਾਸ ਦਾ ਮਾਨ ਸਿੰਘੋ।
ਉਹ ਤੇ ਮੋੜਨਾ ਸਣੇ ਵਿਆਜ ਪੈਂਦਾ, ਅਤੇ ਕੋਲੋਂ ਹੋਰ ਵੀ ਜਾਨ ਸਿੰਘੋ।
ਕਰਜ ਜਦ ਵੀ ਸਿਰੋਂ ਲੱਥ ਜਾਏ, ਹੋਏ ਸੁਰਖਰੂ ਜਿੰਦ ਤੇ ਜਾਨ ਸਿੰਘੋ।
ਹਰਚੰਦ ਸਿੰਘਾ ਪੜ੍ਹਿਆ ਸਫਲ ਹੋਏ, ਪਾਸ ਕਰ ਲਏ ਜਦੋਂ ਇਮਤਿਹਾਨ ਸਿੰਘੋ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# RADIO INDIA - 1110 AM

## 24-Hour

We are back on air.....

Radio India


Tune into 1110 AM

www.radioindia.ca

604 592 9191

604 592 9091

info@radioindia.ca



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ     ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜ੍ਹੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ–778-917-3193 ਜਾਂ ਈਮੇਲ: jsingh0816@gmail.com

◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 1988, 5'8", MBA, ਲਈ ਬਰਾਬਰ ਯੋਗਤਾ ਲੜਕੀ ਦੀ ਲੋੜ ਹੈ। ਸੰਪਰਕ–9915213697 (ਇੰਡੀਆ ਵੈਟਸੈਪ)

◆◆◆◆◆◆◆◆◆◆◆◆◆◆

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ–ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ– ਫੋਨ 587-892-2691, ਇੰਡੀਆ ਨੰਬਰ–98557-86891 (ਵੈਟਸਐਪ)

◆◆◆◆◆◆◆◆◆◆◆◆◆◆

ਹਿੰਦੂ ਖੱਤਰੀ ਲੜਕਾ, 32, 5'8", ਐਮ.ਕਾਮ ਐਲਐਲਬੀ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਮਾਂਟਰੀਅਲ (ਕਿਊਬੇਕ) ਵਿਚ ਸਟੱਡੀ ਕਰ ਰਿਹਾ ਹੈ। ਭਾਰਤ ਵਿਚ ਵਧੀਆ ਪਰਿਵਾਰ ਹੈ। ਸੰਪਰਕ–778-710-0181 ਜਾਂ 98155-34655

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਹਿੰਦੂ ਰਵਿਦਾਸੀਆ ਲੜਕੀ, 31, 5'5", ਐਮ.ਐਸ.ਸੀ. (ਕੰਪਿਊਟਰ ਸਾਇੰਸ) ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਵੈਸ਼ਨੂੰ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਪਰਿਵਾਰ ਭਾਰਤ ਵਿਚ ਵਧੀਆ ਸੈਟਲਡ ਹੈ। ਸੰਪਰਕ–778-710-0181 ਜਾਂ 95921-36320

◆◆◆◆◆◆◆◆◆◆◆◆◆◆

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ ਟਰੱਕ ਡਰਾਈਵਰ ਜੱਟ ਪਰਿਵਾਰ ਦਾ ਲੜਕਾ, ਉਮਰ 35 ਸਾਲ, 5'6", ਵਾਸਤੇ ਯੋਗ ਕੈਨੇਡੀਅਨ ਲੜਕੀ ਦੀ ਲੋੜ ਹੈ।ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਵਾਸਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ–778-706-4021

oct23

◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ ਸੈਣੀ ਸਿੱਖ ਕੇਸਧਾਰੀ ਲੜਕਾ, 26, 6'2", B.Com ਕੈਨੇਡਾ ਵਿੱਚ ਆਪਣਾ ਬਿਜ਼ਨੈਸ , ਲਈ ਪੀ.ਆਰ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਸੰਪਰਕ–604-825-4503 ਜਾਂ 011-977-923-3484

nov20

◆◆◆◆◆◆◆◆◆◆◆◆◆◆

## EMPLOYMENTS

### ਕੇਅਰਗੀਵਰ ਦੀ ਲੋੜ

80 ਸਾਲ ਦੀ ਪੰਜਾਬੀ ਔਰਤ ਦੀ ਦੇਖਭਾਲ ਕਰਨ ਲਈ ਤੁਰੰਤ "ਹਿੰਦੀ/ ਪੰਜਾਬੀ ਬੋਲਣ ਵਾਲੇ" ਕੇਅਰਗੀਵਰ ਲੋੜ ਹੈ। ਭਾਰਤੀ ਅਤੇ ਪੰਜਾਬੀ ਖਾਣਾ ਪਕਾਉਣਾ, ਘਰ ਨੂੰ ਧੋਣ, ਲਾਂਡਰੀ ਅਤੇ ਆਮ ਦੇਖਭਾਲ ਵਿੱਚ ਸਹਾਇਤਾ ਕਰਨ।ਲਾਭਾਂ ਦੇ ਨਾਲ ਚੰਗੀ ਤਨਖਾਹ।ਕੰਮ ਦੀ ਜਗ੍ਹਾ ਵੈਨਕੂਵਰ ਹੈ।ਹੋਰ ਵਧੇਰੇ ਜਾਣਕਾਰੀ ਲਈ 14037600442 (Ash) ਤੇ ਕਾਲ ਕਰੋ, ਸਵੇਰੇ 10 ਵਜੇ ਤੋਂ ਰਾਤ 8 ਵਜੇ ਦੇ ਵਿਚਕਾਰ ਕਾਲ ਕਰੋ।

◆◆◆◆◆◆◆◆◆◆◆◆◆◆

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ– ਲਖਵੀਰ ਸਿੰਘ ਗਰੇਵਾਲ: 778-881-0002

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ–ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ: ਸਾਹਿਬ ਸਿੰਘ : 778-863-9000

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

# ਬੇਟੀਆਂ ਪ੍ਰਤੀ ਨਜ਼ਰੀਆ ਬਦਲੋ

ਲਕਸ਼ਮੀਕਾਂਤਾ ਚਾਵਲਾ

ਨਰਾਤੇ ਦੇਵੀ ਮਾਂ ਦੀ ਅਰਾਧਨਾ ਦਾ ਪਰਵ ਹਨ। ਹਰ ਸਾਲ ਪੂਰੇ ਦੇਸ਼ ਵਿਚ ਇਹ ਆਯੋਜਨ ਸ਼ਰਧਾ ਤੇ ਉਤਸ਼ਾਹ ਨਾਲ ਕੀਤਾ ਜਾਂਦਾ ਹੈ। ਇਸ ਵਾਰ ਵੀ ਘਰਾਂ ਵਿਚ ਕੰਜਕ ਪੂਜਨ ਦੀ ਪੂਰੀ ਤਿਆਰੀ ਹੋ ਰਹੀ ਹੈ। ਰੋਜ਼ਾਨਾ ਦੇਵੀ ਮਾਤਾ ਦੀ ਪੂਜਾ ਅਰਚਨਾ ਕੀਤੀ ਜਾਂਦੀ ਹੈ। ਮਾਂ ਪ੍ਰਥਮ ਗੁਰੂ ਹੈ, ਮਾਂ ਪਹਿਲਾ ਅਚਾਰੀਆ ਹੈ ਅਤੇ ਬੇਟੀ ਨੂੰ ਲਕਸ਼ਮੀ, ਦੁਰਗਾ ਦੇ ਰੂਪ ਵਿਚ ਹੀ ਸਵੀਕਾਰ ਕੀਤਾ ਜਾਂਦਾ ਹੈ। ਇਹ ਸਾਡੇ ਦੇਸ਼ ਦੀ ਸੰਸਕ੍ਰਿਤੀ ਦਾ ਸੁਖਾਵਾਂ, ਮਾਣਮੱਤਾ ਪੱਖ ਹੈ ਪਰ ਅੱਜ ਜਿਨ੍ਹਾਂ ਗਿਰਾਵਟਾਂ ਦਾ ਸ਼ਿਕਾਰ ਸਾਡੇ ਦੇਸ਼ ਦਾ ਸਮਾਜਿਕ ਜੀਵਨ ਹੋ ਗਿਆ ਹੈ, ਉਹ ਅਤਿਅੰਤ ਪੀੜਾਦਾਇਕ ਹੈ। ਦੁਨੀਆ ਭਰ ਦੇ ਲੋਕ ਭਾਰਤ ਵਿਚ ਸੈਰ-ਸਪਾਟੇ ਲਈ ਆਉਂਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਭਾਰਤ ਵਿਚ ਬੇਟੀਆਂ ਦਾ ਵਿਸ਼ੇਸ਼ ਸਨਮਾਨ ਹੈ ਪਰ ਜਦ ਇਹ ਸਮਾਚਾਰ ਮਿਲਦਾ ਹੈ ਕਿ ਵਿਦੇਸ਼ੀ ਔਰਤ ਨਾਲ ਜਬਰ-ਜਨਾਹ ਹੋ ਗਿਆ ਤਾਂ ਇਹ ਇਕ ਵਿਅਕਤੀ ਦਾ ਅਪਰਾਧ ਨਹੀਂ ਰਹਿੰਦਾ, ਸਗੋਂ ਇਹ ਕਾਰਨਾਮਾ ਪੂਰੇ ਦੇਸ਼ ਨੂੰ ਬਦਨਾਮ ਕਰ ਦਿੰਦਾ ਹੈ। ਅੱਜ-ਕੱਲ੍ਹ ਕੋਈ ਵੀ ਦਿਨ ਅਜਿਹਾ ਨਹੀਂ ਹੁੰਦਾ ਜਦੋਂ ਮੀਡੀਆ ਵਿਚ ਮੁਲਕ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਬਾਲੜੀਆਂ ਤੇ ਮਹਿਲਾਵਾਂ ਨਾਲ ਦੁਰਾਚਾਰ ਦੀ ਖ਼ਬਰ ਨਾ ਮਿਲੇ ਅਤੇ ਹੁਣ ਤਾਂ ਬਲਾਤਕਾਰੀ ਇੰਨੇ ਜ਼ਾਲਮ ਜਾਂ ਬਲਵਾਨ ਹੋ ਗਏ ਹਨ ਕਿ ਉਹ ਪੱਤ ਰੋਲਦੇ ਵੀ ਹਨ, ਨਾਲ ਹੀ ਗਲਾ ਘੁੱਟ ਕੇ ਜਾਂ ਕਿਸੇ ਹੋਰ ਤਰੀਕੇ ਨਾਲ ਪੀੜਤਾ ਦੀ ਜਾਨ ਲੈ ਕੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕਰਦੇ ਹਨ। ਕਈ ਮਾਮਲਿਆਂ ਵਿਚ ਤਾਂ ਉਹ ਪੀੜਤਾ ਨੂੰ ਮਾਰ-ਮੁਕਾਉਣ ਵਿਚ ਸਫਲ ਵੀ ਹੋ ਜਾਂਦੇ ਹਨ।



ਸਮਾਚਾਰ ਮਿਲਦਾ ਹੈ ਕਿ ਇਕ ਲੜਕੀ ਨੂੰ ਅਗਵਾ ਕੀਤਾ ਅਤੇ ਕਾਰ ਵਿਚ ਹੀ ਉਸ ਨਾਲ ਗੈਂਗਰੇਪ ਕੀਤਾ ਤੇ ਮਗਰੋਂ ਅੱਧਮਰੀ ਪੀੜਤਾ ਨੂੰ ਸੜਕ ਤੇ ਸੁੱਟ ਕੇ ਭੱਜ ਗਏ। ਇਨ੍ਹਾਂ ਖ਼ਬਰਾਂ ਦੀਆਂ ਜ਼ਿਆਦਾ ਮਿਸਾਲਾਂ ਦੇਣ ਦਾ ਕੋਈ ਮਤਲਬ ਨਹੀਂ ਕਿਉਂਕਿ ਬਦਕਿਸਮਤੀ ਨਾਲ ਸਾਨੂੰ ਰੋਜ਼ਾਨਾ ਇਹੀ ਸੁਣਨਾ ਤੇ ਦੇਖਣਾ ਪੈਂਦਾ ਹੈ। ਇੱਥੇ ਮੈਂ ਇਹੀ ਕਹਿਣਾ ਹੈ ਕਿ ਅਪਰਾਧੀਆਂ ਨਾਲ ਕੀ ਸ਼ਿਕਵਾ, ਦੇਸ਼ ਦੇ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਸਜ਼ਾ ਮਿਲੇਗੀ। ਕੁਝ ਦਿਨ ਪੁਲਿਸ ਦੌੜੇਗੀ, ਅਪਰਾਧੀ ਫੜੇ ਜਾਣਗੇ, ਕਾਨੂੰਨੀ ਪ੍ਰਕਿਰਿਆ ਅਤੇ ਬਹੁਤ ਸਾਰੇ ਕੇਸਾਂ ਵਿਚ ਸਿਫ਼ਾਰਸ਼ੀ ਪ੍ਰਕਿਰਿਆ ਵੀ ਚੱਲੇਗੀ ਅਤੇ ਜੇਲ੍ਹ ਦੀਆਂ ਸੀਖਾਂ ਦੇ ਪਿੱਛੇ ਅਪਰਾਧੀ ਪੁੱਜ ਜਾਣਗੇ। ਸਵਾਲ ਇਹ ਹੈ ਕਿ ਕਿਸੇ ਘਟਨਾ ਵਿਸ਼ੇਸ਼ ਤੋਂ ਬਾਅਦ ਸਖ਼ਤ ਕਾਨੂੰਨ ਬਣਾਉਣ ਦਾ ਐਲਾਨ, ਦੁੱਖ ਪ੍ਰਗਟਾਉਣ ਵਾਲੇ ਬਿਆਨ ਜਾਂ ਸਦਾ ਚਿੰਤਾ ਕਰਨ ਵਾਲੇ ਨੇਤਾਵਾਂ ਦੀਆਂ ਚਿੰਤਾਵਾਂ ਨਾਲ ਭਰੀਆਂ ਖ਼ਬਰਾਂ ਕਦ ਤਕ ਪੜ੍ਹਦੇ-ਸੁਣਦੇ ਰਹਾਂਗੇ। ਹਰ ਪ੍ਰਬੁੱਧ ਨਾਗਰਿਕ ਦੇ ਅੱਗੇ ਇਹ ਸਵਾਲ ਹੈ ਕਿ ਆਖ਼ਰ ਦੇਸ਼ ਦਾ ਮਾਹੌਲ ਇੰਨਾ ਵਾਸਨਾਮਈ ਕਿਵੇਂ ਹੋ ਗਿਆ ਕਿ ਹਰ ਸਾਲ ਹਜ਼ਾਰਾਂ ਬਾਲੜੀਆਂ, ਲੜਕੀਆਂ ਤੇ ਮਹਿਲਾਵਾਂ ਬਲਾਤਕਾਰ ਜਿਹੇ ਘਿਨਾਉਣੇ ਅਪਰਾਧ ਦਾ ਸ਼ਿਕਾਰ ਹੋ ਰਹੀਆਂ ਹਨ। ਕੀ ਮਰਦਾਂ ਦੀ ਮਾਨਸਿਕਤਾ ਵਿਚ ਗਿਰਾਵਟ ਆ ਗਈ ਹੈ? ਜਿਸ ਦੇਸ਼ ਵਿਚ 'ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ ਵਾਲੀ ਸੋਚਣੀ ਸੀ, ਉੱਥੇ ਇਹ ਉਲਟੀ ਗੰਗਾ ਕਿਉਂ ਵਹਿਣ ਲੱਗੀ ਹੈ? ਭਗਵਾਨ ਸ੍ਰੀਰਾਮ ਨੇ ਸੰਦੇਸ਼ ਦਿੱਤਾ ਹੈ ਕਿ 'ਪੁਤਰਵਧੂ, ਭਾਗਿਨੀ, ਸੁਤ ਨਾਰੀ ਸੁਨ ਸਠ ਕੰਨਿਆ ਸਮ ਏ ਚਾਰਿ, ਇਨਹਿੰ ਕੁਦ੍ਰਿਸ਼ਟੀ ਵਿਲੋਕਈ ਜੇਹਿ, ਤਾਹਿ ਵਧੇ ਕਛੂ ਪਾਪ ਨ ਹੋਇ। ਜਿੱਥੇ ਭਾਰਤ ਦੀ ਇਕ ਬੇਟੀ ਨੂੰ ਅਗਵਾ ਕਰਨ ਵਾਲੇ ਨੂੰ ਵੰਸ਼ ਸਹਿਤ ਨਸ਼ਟ ਕਰਨਾ ਹੀ ਮਰਿਆਦਾ ਪੁਰਸ਼ੋਤਮ ਦਾ ਮੱਤ ਮੰਨਿਆ ਜਾਂਦਾ ਹੈ, ਉੱਥੇ ਆਖ਼ਰ ਸਾਡੀ ਵਰਤਮਾਨ ਪੀੜ੍ਹੀ ਕਿਉਂ ਭਟਕ ਗਈ?

ਦੋਸ਼ ਇਸ ਦੇਸ਼ ਨੂੰ ਚਲਾਉਣ ਵਾਲਿਆਂ ਦਾ ਵੀ ਹੈ। ਕੌਣ ਨਹੀਂ ਜਾਣਦਾ ਕਿ ਜ਼ਿਆਦਾਤਰ ਅਪਰਾਧ ਸ਼ਰਾਬ ਦੇ ਨਸ਼ੇ ਵਿਚ ਹੋਸ਼ ਗੁਆ ਕੇ ਹੀ ਕੀਤੇ ਜਾਂਦੇ ਹਨ ਪਰ ਜ਼ਿਆਦਾਤਰ ਉਤਸਵ, ਖ਼ੁਸ਼ੀ ਦੇ ਮੌਕੇ ਵੀ ਸ਼ਰਾਬ ਦੇ ਨਾਲ ਹੀ ਮਨਾਏ ਜਾਂਦੇ ਹਨ। ਸਰਕਾਰਾਂ ਚਾਹੁੰਦੀਆਂ ਹਨ ਕਿ ਲੋਕ ਸ਼ਰਾਬ ਪੀਣ। ਸਰਕਾਰੀ ਖ਼ਜ਼ਾਨਾ ਭਰਨ ਦੀ ਚਿੰਤਾ ਰਹਿੰਦੀ ਹੈ ਪਰ ਇਸ ਨਾਲ ਸਮਾਜ ਦੀ ਸਿਹਤ ਕਿੰਨੀ ਮਾੜੀ ਬਣ ਜਾਵੇਗੀ ਜਾਂ ਸੜਕ ਹਾਦਸਿਆਂ ਵਿਚ ਕਿੰਨੇ ਲੋਕ ਮਾਰੇ ਜਾਣਗੇ, ਇਸ ਦੀ ਪਰਵਾਹ ਸੱਤਾ ਦੇ ਸਿਖ਼ਰਾਂ ਤੇ ਬਿਰਾਜਮਾਨ ਅਤੇ ਹਾਦਸਿਆਂ ਮਗਰੋਂ ਮਗਰਮੱਛ ਵਾਂਗ ਅੱਥਰੂ ਕੇਰਨ ਵਾਲਿਆਂ ਨੂੰ ਨਹੀਂ ਹੈ। ਅਕਸਰ ਅਜਿਹੀਆਂ ਖ਼ਬਰਾਂ ਵੀ ਆਉਂਦੀਆਂ ਹਨ ਕਿ ਕਿਸੇ ਬਜ਼ੁਰਗ ਨੂੰ ਅਗਵਾ ਕਰ ਕੇ ਉਸ ਨਾਲ ਜਬਰ-ਜਨਾਹ ਕੀਤਾ ਗਿਆ, ਉਸ ਦੀ ਹੱਤਿਆ ਕਰ ਦਿੱਤੀ ਗਈ। ਇਸ ਸਾਰੇ ਸ਼ਰਮਨਾਕ ਅਤੇ ਦੁਖਦਾਈ ਕਾਂਡ ਵਿਚ ਸ਼ਰਾਬ ਦਾ ਦੋਸ਼ ਜ਼ਿਆਦਾ ਹੈ ਤੇ ਸ਼ਰਾਬ ਪਿਲਾਉਣ ਵਾਲਿਆਂ ਦਾ ਤਾਂ ਹੈ ਹੀ। ਸਰਕਾਰ ਦੇ ਨੱਕ ਹੇਠ ਇਸ਼ਤਿਹਾਰਾਂ ਦੁਆਰਾ ਸਮਾਜ ਦਾ ਮਾਹੌਲ ਇੰਨਾ ਵਾਸਨਾਮਈ ਤੇ ਵਿਲਾਸਤਾ ਵਾਲਾ ਬਣਾ ਦਿੱਤਾ ਗਿਆ ਹੈ ਕਿ ਅਚੇਤ ਮਨ ਅਤੇ ਛੋਟੀ ਉਮਰ ਦੇ ਮੁੰਡੇ-ਕੁੜੀਆਂ ਜਦ ਇਹ ਸਭ ਦੇਖਦੇ ਹਨ ਤਾਂ ਉਨ੍ਹਾਂ ਦੀਆਂ ਸੁੱਤੀਆਂ ਇੱਛਾਵਾਂ ਜਾਗਦੀਆਂ ਹਨ। ਪ੍ਰਤੱਖ ਜੀਵਨ ਵਿਚ ਜੋ ਵਰਜਿਤ ਹੈ, ਅਪਰਾਧ ਹੈ, ਉਹ ਸਭ ਖੁੱਲ੍ਹੇਆਮ ਚੈਨਲਾਂ ਤੇ ਅਖ਼ਬਾਰਾਂ ਰਾਹੀਂ ਦਿਖਾਇਆ ਜਾਂਦਾ ਹੈ। ਸਰੀਰ ਦਾ ਭੱਦਾ ਪ੍ਰਦਰਸ਼ਨ ਕਰ ਕੇ ਨੋਟ ਕਮਾਉਣ ਵਾਲੇ ਤਾਂ ਸੁਰੱਖਿਅਤ ਘਰਾਂ ਵਿਚ ਪੁੱਜ ਜਾਂਦੇ ਹਨ ਪਰ ਇਹ ਸਭ ਦੇਖ ਕੇ ਭਟਕਿਆ ਹੋਇਆ ਵਰਗ ਆਪਣੀਆਂ ਬੇਕਾਬੂ ਵਾਸਨਾਵਾਂ ਨੂੰ ਪੂਰਾ ਕਰਨ ਲਈ ਕਿਸੇ ਨੂੰ ਵੀ ਹਵਸ ਦਾ ਸ਼ਿਕਾਰ ਬਣਾ ਲੈਂਦਾ ਹੈ। ਅਜਿਹੇ ਲੋਕ ਫਿਰ ਥਾਣੇ, ਅਦਾਲਤ ਅਤੇ ਅੰਤ ਵਿਚ ਜੇਲ੍ਹ ਵਿਚ ਪੁੱਜ ਜਾਂਦੇ ਹਨ। ਦੇਸ਼ ਦੇ ਸ਼ਾਸਕ ਅਤੇ ਮੀਡੀਆ ਕੰਪਨੀਆਂ ਦੇ ਮਾਲਕ ਇੰਨੇ ਸਵਾਰਥੀ ਹੋ ਗਏ ਹਨ ਕਿ ਉਹ ਨੌਜਵਾਨ ਪੀੜ੍ਹੀ ਦੇ ਅਪਰਾਧ ਵੱਲ ਵਧ ਰਹੇ ਕਦਮਾਂ ਨੂੰ ਦੇਖਦੇ ਹੋਏ ਵੀ ਵਾਸਨਾ ਫੈਲਾਉਣ ਦੇ ਇਸ ਧੰਦੇ ਨੂੰ ਬੰਦ ਕਰਨ ਲਈ ਤਿਆਰ ਨਹੀਂ ਹਨ। ਅਜੇ ਵੀ ਦੇਸ਼ ਦੇ ਲੱਖਾਂ ਬੱਚੇ ਸਕੂਲਾਂ-ਕਾਲਜਾਂ ਵਿਚ ਨਹੀਂ ਜਾ ਪਾ ਰਹੇ ਪਰ ਜੋ ਸਿੱਖਿਆ ਦੇ ਮੰਦਰਾਂ ਵਿਚ ਪੁੱਜ ਵੀ ਗਏ ਹਨ, ਉਨ੍ਹਾਂ ਨੂੰ ਨੈਤਿਕ ਸਿੱਖਿਆ ਦੇਣ ਦਾ ਕੋਈ ਯਤਨ ਨਹੀਂ ਕੀਤਾ ਜਾਂਦਾ। ਧਰਮ ਨਿਰਪੱਖਤਾ ਦੇ ਠੇਕੇਦਾਰ ਸਮਾਜ ਵਿਚ ਆ ਰਹੀ ਨੈਤਿਕ ਗਿਰਾਵਟ ਨੂੰ ਨਹੀਂ ਦੇਖਦੇ ਪਰ ਨੈਤਿਕ ਸਿੱਖਿਆ ਵਿਚ ਉਨ੍ਹਾਂ ਨੂੰ ਫਿਰਕੂ ਬੋਅ ਆਉਣ ਲੱਗਦੀ ਹੈ। ਜੇਕਰ ਸਕੂਲਾਂ-ਕਾਲਜਾਂ ਵਿਚ ਸਿੱਖਿਆ ਦੇ ਨਾਲ-ਨਾਲ ਸਮਾਜਿਕ ਨੈਤਿਕਤਾ ਨੂੰ ਨਹੀਂ ਜੋੜਿਆ ਗਿਆ ਤਾਂ ਵਰਤਮਾਨ ਪੀੜ੍ਹੀ ਕਿੱਥੇ ਤਕ ਪੁੱਜ ਜਾਵੇਗੀ, ਇਸ ਦਾ ਅਨੁਮਾਨ ਵੀ ਨਹੀਂ ਲਗਾਇਆ ਜਾ ਸਕਦਾ। ਆਪਣੇ ਦੇਸ਼ ਵਿਚ ਪਤਾ ਨਹੀਂ ਕਿਸ ਮੂਰਖ ਜਾਂ ਅਕਲ ਦੇ ਅੰਨ੍ਹੇ ਨੇ ਨੌਜਵਾਨਾਂ ਤੇ ਮੁਟਿਆਰਾਂ ਨੂੰ ਵਿਆਹ ਤੋਂ ਬਾਹਰਲੇ ਸਬੰਧਾਂ ਜਾਂ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਮਾਨਤਾ ਦੇ ਦਿੱਤੀ ਅਤੇ ਕਾਨੂੰਨ ਵੀ ਇਸ ਦੇ ਪੱਖ ਵਿਚ ਬਣਾ ਦਿੱਤਾ ਗਿਆ। ਕੀ ਇਹ ਭਾਰਤ ਦੀਆਂ ਕਦਰਾਂ-ਕੀਮਤਾਂ ਹਨ? ਕੀ ਬਿਨਾਂ ਵਿਆਹ ਦੇ ਸਰੀਰਕ ਸਬੰਧ ਕਿਸੇ ਸਹੀ ਦਿਸ਼ਾ ਵਿਚ ਲੈ ਕੇ ਜਾ ਸਕਦੇ ਹਨ? ਇਸ ਸਬੰਧ ਤੋਂ ਪੈਦਾ ਹੋਏ ਬੱਚਿਆਂ ਦਾ ਕਿਹੋ ਜਿਹਾ ਭਵਿੱਖ ਹੋਵੇਗਾ, ਇਹ ਚਿੰਤਾ ਵੀ ਕਿਸੇ ਨੂੰ ਨਹੀਂ ਹੈ। ਨਾਰੀ ਦੀ ਪੂਜਾ ਕਰਨ ਵਾਲੇ ਦੇਸ਼ ਵਿਚ ਲੱਖਾਂ ਵੇਸ਼ਵਾਵਾਂ ਹਨ। ਪਾਠ-ਪੂਜਾ, ਦਾਨ-ਪੁੰਨ, ਤੀਰਥ ਇਸ਼ਨਾਨ ਕਰ ਕੇ ਸਵਰਗ ਦਾ ਰਸਤਾ ਦਿਖਾਉਣ ਵਾਲੇ ਇਸ ਦੇਸ਼ ਦੇ ਲੱਖਾਂ ਧਰਮ ਗੁਰੂ ਵੀ ਉਨ੍ਹਾਂ ਵਿਚਾਰੀਆਂ ਨੂੰ ਇਸ ਨਰਕ ਚੋਂ ਕੱਢਣ ਲਈ ਕੁਝ ਨਹੀਂ ਕਰਦੇ। ਸਾਰੇ ਦੇਸ਼ ਵਾਸੀ ਅੱਜ ਤਹੱਈਆ ਕਰਨ ਕਿ ਉਹ ਕੰਨਿਆਵਾਂ ਦੀ ਸਨਮਾਨਜਨਕ ਸਥਿਤੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਸਿਰਫ਼ ਪੁਲਿਸ ਦੇ ਡੰਡਿਆਂ ਨਾਲ ਨੈਤਿਕਤਾ ਨਹੀਂ ਆਵੇਗੀ, ਸਮਾਜ ਨੂੰ ਵੀ ਸੰਜੀਦਾ ਯਤਨ ਕਰਨੇ ਪੈਣਗੇ।




METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract





Residential & Commercial

Gurvinder Sanghera: 604-729-1435
Email: gsanghera77@gmail.com

# ਜੀਵਨ ਜਾਂਚ ਸਿਖਾਉਂਦੀ ਹੈ ਸ਼੍ਰੋਮਣੀ ਭਗਤ ਨਾਮਦੇਵ ਜੀ ਦੀ ਬਾਣੀ

ਭਗਤ ਨਾਮਦੇਵ ਜੀ ਦੀ ਬਾਣੀ ਜੀਵਨ ਜਾਂਚ ਸਿਖਾਉਂਦੀ ਹੈ। ਆਪ ਮਹਾਂਰਾਸ਼ਟਰ ਦੇ ਸਰਬ-ਸੰਮਾਨਿਤ ਮਹਾਂਪੁਰਸ਼ ਸਨ। ਭਗਤ ਨਾਮਦੇਵ ਜੀ ਦਾ ਜਨਮ ਅਕਤੂਬਰ ਕੱਤਕਸੁਦੀ ਇਕਾਂਦਸ਼ੀ 1270 ਈ: ਨੂੰ ਪਿਤਾ ਦਾਮਸ਼ੇਟ ਅਤੇ ਮਾਤਾ ਗੋਨਾਬਾਈ ਦੇ ਗ੍ਰਹਿ ਪਿੰਡ ਨਰਸੀ ਬਾਮਨੀ ਜਿਲ੍ਹਾ ਹਿਗੋਲੀ ਮਹਾਂਰਾਸ਼ਟਰ ਵਿੱਚ ਹੋਇਆ। ਆਪ ਜਾਤ ਦੇ ਛੀਂਬੇ ਸਨ। ਆਪ ਦੀ ਇੱਕ ਵੱਡੀ ਭੈਣ ਸੀ, ਜਿਸਦਾ ਨਾਮ 'ਔਬਾਈ ਸੀ। ਆਪ ਆਪਣੇ ਮਾਤਾ ਪਿਤਾ ਦੀ ਵੱਡੀ ਲੜਕੀ ਤੋਂ ਬਾਅਦ ਦੇਰ ਨਾਲ ਹੋਈ ਔਲਾਦ ਸੀ, ਜਿਸਨੂੰ ਆਪ ਦੇ ਮਾਤਾ ਪਿਤਾ ਵਿੱਠਲ ਦੇਵ (ਵਿਸ਼ਨੂੰ) ਦੀ ਅਪਾਰ ਕ੍ਰਿਪਾ ਮੰਨਦੇ ਸਨ। ਆਪ ਨੂੰ ਪ੍ਰੇਮਾ-ਭਗਤੀ ਦੀ ਗੁੜਤੀ ਆਪਣੇ ਪਿਤਾ ਕੋਲੋਂ ਮਿਲੀ। ਆਪ ਨੇ ਵਿਸ਼ੋਭਾ ਖੇਚਰ ਨੂੰ ਗੁਰੂ ਧਾਰਨ ਕੀਤਾ।ਆਪ ਬਚਪਨ ਸਮੇਂ ਤੋਂ ਹੀ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਆਪ ਦੋ ਪੱਥਰ ਖੜਕਾਉਂਦੇ ਤੇ ਉਸ ਪ੍ਰਮਾਤਮਾ ਦੀ ਉਸਤਤ ਇੰਨ੍ਹੀ ਸ਼ਿੱਦਤ ਤੇ ਜੋਸ਼ ਨਾਲ ਗਾਉਂਦੇ ਕਿ ਬੇਹੋਸ਼ ਹੋ ਜਾਂਦੇ ਸਨ।ਆਪ ਵਿੱਠਲ ਦੇਵ (ਵਿਸ਼ਨੂੰ) ਦੇ ਸੱਚੇ ਉਪਾਸ਼ਕ ਸਨ। ਆਪ ਨੂੰ ਜਦ ਪੰਜ ਸਾਲ ਦੀ ਉਮਰ ਵਿੱਚ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਗਿਆ ਤਾਂ ਪਾਂਧੇ ਨੇ 'ਓਮ ਨਮਹ ਲਿੱਖਣ ਲਈ ਸਬਕ ਦਿੱਤਾ ਤਾਂ ਆਪ ਨੇ 'ਵਿੱਠਲ ਦੇਵ ਸ਼ਬਦ ਲਿੱਖ ਦਿੱਤਾ। ਆਪ ਦਾ ਪ੍ਰਮਾਤਮਾ ਪ੍ਰਤੀ ਵਿਸ਼ਵਾਸ ਉਦੋਂ ਹੋਰ ਪਕੇਰਾ ਹੋਣਾ ਸ਼ੁਰੂ ਹੋਇਆ, ਜਦ ਇੱਕ ਵਾਰ ਆਪ ਦੇ ਪਿਤਾ ਕਿਸੇ ਕੰਮ ਲਈ ਪਿੰਡੋਂ ਘਰੋਂ ਬਾਹਰ ਗਏ ਤਾਂ ਠਾਕੁਰਾਂ ਨੂੰ ਭੋਗ ਲਵਾਉਣ ਲਈ ਮੰਦਿਰਾਂ ਵਿੱਚ ਨਾਮਦੇਵ ਨੂੰ ਭੇਜ ਦਿੱਤਾ। ਨਾਮਦੇਵ ਗੜਵਾ ਦੁੱਧ ਦਾ ਲੈ ਕੇ ਮੰਦਿਰ ਵਿੱਚ ਗਏ ਤੇ ਠਾਕੁਰ ਦੀ ਮੂਰਤੀ ਨੂੰ ਦੁੱਧ ਪੇਸ਼ ਕੀਤਾ ਤਾਂ ਉਸ ਮੂਰਤੀ ਨੇ ਦੁੱਧ ਨੂੰ ਭੋਗ ਨਾ ਲਾਇਆ ਤਾਂ ਨਾਮਦੇਵ ਕਾਫੀ ਚਿਰ ਜਿੱਦ ਕਰਦੇ ਰਹੇ ਕਿ 'ਹੇ ਸਵਾਮੀ, ਦੁੱਧ ਪੀਉ। ਨਹੀ ਤਾਂ ਮੇਰੇ ਪਿਤਾ ਜੀ ਮੈਨੂੰ ਗੁੱਸੇ ਹੋਣਗੇ। ਤਾਂ ਭਗਵਾਨ ਨੇ ਆ ਕੇ ਦੁੱਧ ਨੂੰ ਭੋਗ ਲਾਇਆ। ਅੱਠ ਸਾਲ ਦੀ ਉਮਰ ਵਿੱਚ ਆਪ ਦੀ ਸ਼ਾਦੀ ਗੋਬਿੰਦ



ਸੇਠ ਦੀ ਪੁੱਤਰੀ ਰਾਜਬਾਈ ਨਾਲ ਹੋਈ। ਆਪ ਦੇ ਘਰ ਚਾਰ ਪੁੱਤਰ ਤੇ ਇੱਕ ਪੁੱਤਰੀ ਨੇ ਜਨਮ ਲਿਆ।ਇੱਕ ਵਾਰ ਜਦ ਬੇਦਰ ਦੇ ਬਾਦਸ਼ਾਹ ਨੇ ਆਪ ਨੂੰ ਮਰੀ ਹੋਈ (ਜਬਹ ਕੀਤੀ ਹੋਈ) ਗਊ ਨੂੰ ਜਿੰਦਾ ਕਰਨ ਲਈ ਕਿਹਾ ਤਾਂ ਆਪ ਨੇ ਨਾਂਹ ਕਰ ਦਿੱਤੀ ਤਾਂ ਬਾਦਸ਼ਾਹ ਨੇ ਸੱਤਾ ਦੇ ਨਸ਼ੇ ਵਿੱਚ ਚੂਰ ਹੋਏ ਨੇ ਹੁਕਮ ਦਿੱਤਾ ਕਿ ਜਾਂ ਤਾਂ ਗਊ ਜਿੰਦਾ ਕਰ ਨਹੀ ਤਾਂ ਮੁਸਲਮਾਨ ਬਣ। ਨਾਮਦੇਵ ਨੇ ਦੋਹਾਂ ਕੰਮਾਂ ਤੋਂ ਨਾਂਹ ਕਰ ਦਿੱਤੀ ਤਾ ਬਾਦਸ਼ਾਹ ਨੇ ਕਿਹਾ ਕਿ ਮਰਨ ਲਈ ਤਿਆਰ ਹੋ ਜਾਂ ਤਾਂ ਨਾਮਦੇਵ ਨੇ ਬਥੇਰਾ ਸਮਝਾਇਆ। ਆਪ ਨੇ ਬਾਦਸ਼ਾਹ ਨੂੰ ਕਿਹਾ ਕਿ :

**ਬਾਦਸਾਹ ਐਸੀ ਕਿਉ ਹੋਇ ॥**
**ਬਿਸਮਿਲ ਕੀਆ ਨਾ ਜੀਵੈ ਕੋਇ ॥**
**ਮੇਰਾ ਕੀਆ ਕਛੁ ਨਾ ਹੋਇ ॥**
**ਕਰਿ ਹੈ ਰਾਮੁ ਹੋਇ ਹੈ ਸੋਇ ॥**

ਹੇ ਬਾਦਸ਼ਾਹ ਮੈਂ ਕੁਝ ਨਹੀ ਕਰ ਸਕਦਾ। ਪਰ ਬਾਦਸ਼ਾਹ ਇਹ ਗੱਲ ਮੰਨਣ ਲਈ ਤਿਆਰ ਨਹੀ ਸੀ ਤੇ ਨਾਮਦੇਵ ਨੂੰ ਮੌਤ ਦਾ ਫੁਰਮਾਣ ਸੁਣਾ ਦਿੱਤਾ। ਆਖਿਰ ਭਗਵਾਨ ਨੇ ਆਪ ਆ ਕੇ ਗਊ ਜਿੰਦਾ ਕੀਤੀ ਤੇ ਆਪਣੇ ਸੱਚੇ ਭਗਤ ਦੀ ਪੈਜ ਰੱਖੀ। ਜਦ ਆਪ ਤੀਰਥ ਯਾਤਰਾ ਤੇ ਨਿਕਲੇ ਤਾਂ ਔਂਧ ਨਾਗਨਾਥ ਮੰਦਿਰ ਵਿੱਚ ਪ੍ਰਭੂ ਦੇ ਦਰਸ਼ਨਾਂ ਨੂੰ ਗਏ ਤਾਂ ਉਥੋਂ ਦੇ ਬ੍ਰਹਮਣਾਂ ਨੇ ਨੀਵੀਂ ਜਾਤ ਦੇ ਜਾਣ ਕੇ ਮੰਦਿਰ ਵਿੱਚੋਂ ਧੱਕੇ ਦੇ ਕੇ ਬਾਹਰ ਕੱਢ ਦਿੱਤਾ ਤਾਂ ਆਪ ਮੰਦਿਰ ਦੇ ਪਿਛਵਾੜੇ ਜਾ ਕੇ ਪ੍ਰਭੂ ਰੰਗ ਵਿੱਚ ਰੰਗੇ ਹੋਏ ਕੀਰਤਨ ਕਰਨ ਲੱਗ ਪਏ ਤਾਂ ਭਗਵਾਨ ਨੇ ਮੰਦਿਰ ਨੂੰ ਘੁਮਾ ਕੇ ਦਰਵਾਜਾ ਨਾਮਦੇਵ ਵੱਲ ਕਰ ਦਿੱਤਾ ਤੇ ਹੰਕਾਰੀ ਬ੍ਰਹਮਣਾਂ ਦਾ ਹੰਕਾਰ ਤੋੜਿਆ। ਫਿਰ ਉਹ ਦੇਵਗਿਰੀ ਗਏ। ਉੱਥੋਂ ਐਲੋਗ, ਘ੍ਰਿੰਸ਼ੇਸ਼ਵਰ, ਪੰਚਵਟੀ ਅਤੇ ਜੂਨਾਗੜ੍ਹ ਵੀ ਗਏ।ਆਪ ਨੇ ਉਸ ਅਕਾਲ ਪੁਰਖ ਦੀ ਉਸਤਤ ਵਿੱਚ ਬਹੁਤ ਸਾਰੇ ਸ਼ਬਦਾਂ ਦੀ ਰਚਨਾ ਕੀਤੀ। ਆਪ ਦੇ 61 ਸ਼ਬਦ 18 ਰਾਗਾਂ ਵਿੱਚ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹਨ। ਆਪ ਤਿਲੰਗ ਰਾਗ ਵਿੱਚ ਫਰਮਾਉਂਦੇ ਹਨ ਕਿ:

**ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥**
**ਮੈ ਗਰੀਬ ਮੈ ਮਸਕੀਨ ਤੇਰਾ ਨਾਮ ਹੈ ਅਧਾਰਾ ॥**

ਉਸ ਅਕਾਲ ਪੁਰਖ ਦੀ ਵਡਿਆਈ ਕਰਦੇ ਹੋਏ ਇੱਕ ਹੋਰ ਸ਼ਬਦ ਵਿੱਚ ਫਰਮਾਉਂਦੇ ਹਨ ਕਿ;

**ਹਲੇ ਯਾਰਾ ਹਲੇ ਯਾਰਾ ਖੁਸਿਖਬਰੀ ॥**
**ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥**
**ਕੀਨੀ ਤੇਰੀ ਬਿਗਾਰੀ ਆਲੇ ਤੇਰਾ ਨਾਂਉ ॥**
**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥**
**ਰਾਮ ਬਿਨਾ ਕੋ ਬੋਲੈ ਰੇ ॥**
**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲ ॥**

ਆਪ ਦੀ ਬਾਣੀ ਮਰਾਠੀ ਤੇ ਸੰਤ ਭਾਸ਼ਾ ਦੋਹਾਂ ਵਿੱਚ ਹੈ, ਦੋ ਤਿੰਨ ਸ਼ਬਦ ਰੇਖਤਾ ਦੀ ਵੰਨਗੀ ਵੀ ਪੇਸ਼ ਕਰਦੇ ਹਨ। ਪ੍ਰਸਿੱਧ ਇਤਹਾਸਕਾਰ ਮੈਕਾਲਿਫ ਇੱਕ ਥਾਂ ਲਿੱਖਦਾ ਹੈ ਕਿ ਜਦ ਭਗਤ ਨਾਮ ਦੇਵ ਦੇ ਸਭ ਸਾਥੀ ਪ੍ਰਲੋਕ ਸਿਧਾਰ ਗਏ ਤਾਂ ਆਪ ਅਖੀਰਲੇ ਸਾਲਾਂ ਵਿੱਚ ਪੰਜਾਬ ਦੇ ਜਿਲ੍ਹਾ ਗੁਰਦਾਸਪੁਰ ਦੇ ਪਿੰਡ ਘੁਮਾਣ ਵਿੱਚ ਆ ਵੱਸੇ। ਇੱਥੇ ਹੀ ਆਪ 1350 ਈ: ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਅਭੇਦ ਹੋ ਗਏ। ਜਿੱਥੇ ਆਪ ਦੀ ਸਮਾਧ ਬਣੀ ਹੋਈ ਹੈ ਤੇ ਸਲਾਨਾ ਮੇਲਾ ਲੱਗਦਾ ਹੈ।ਭਗਤ ਨਾਮਦੇਵ ਜੀ ਉਸ ਪ੍ਰਭੂ ਹਰੀ ਦੇ ਸੱਚੇ ਉਪਾਸ਼ਕ ਸਨ ਤੇ ਸਾਨੂੰ ਵੀ ਸਮਝਾਉਂਦੇ ਹਨ ਕਿ ਬਾਹਰ ਕਿਉਂ ਟੱਕਰਾਂ ਮਾਰਦੇ ਫਿਰਦੇ ਹੋ, ਪ੍ਰਭੂ ਦਾ ਵਾਸ ਤਾਂ ਤੁਹਾਡੇ ਅੰਦਰ ਹੈ। ਉਸ ਨੂੰ ਜਾਣੋ ਤੇ ਉਸ ਪ੍ਰਭੂ ਪਤੀ ਦਾ ਦਰਸ਼ਨ ਕਰੋ।

## ਸ਼੍ਰੋਮਣੀ ਭਗਤ ਨਾਮਦੇਵ ਜੀ

ਭਗਤ ਨਾਮਦੇਵ ਜੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲਗਪਗ 200 ਸਾਲ ਪਹਿਲਾਂ ਹੋਏ ਸਨ। ਉਸ ਸਮੇਂ ਸਮਾਜ 'ਚ ਜਾਤਾਂ-ਪਾਤਾਂ ਦਾ ਜ਼ੋਰ ਸੀ। ਉੱਚੀ ਜਾਤ ਵਾਲੇ ਕਥਿਤ ਨੀਵੀਂ ਜਾਤ ਦੇ ਲੋਕਾਂ ਦਾ ਤ੍ਰਿਸਕਾਰ ਕਰਦੇ ਸਨ।

ਭਗਤ ਨਾਮਦੇਵ ਜੀ ਉਹ ਮਹਾਨ ਸ਼ਖ਼ਸੀਅਤ ਹਨ, ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਹੋਣ ਦਾ ਮਾਣ ਹਾਸਲ ਹੈ। ਭਗਤ ਨਾਮਦੇਵ ਜੀ ਦਾ ਜਨਮ ਪਿੰਡ ਨਰਸੀ ਬਾਮਨੀ, ਜ਼ਿਲ੍ਹਾ ਸਤਾਰਾ (ਮਹਾਰਾਸ਼ਟਰ) ਵਿਖੇ ਪਿਤਾ ਦਾਮਸ਼ੇਟ ਤੇ ਮਾਤਾ ਗੋਨੀ ਬਾਈ ਦੇ ਗ੍ਰਹਿ ਵਿਖੇ 1270 ਈਸਵੀ 'ਚ ਹੋਇਆ। ਆਪ ਦਾ ਸੁਭਾਅ ਬਚਪਨ ਤੋਂ ਸਾਦਗੀ ਤੇ ਭਗਤੀ ਵਾਲਾ ਸੀ। ਕਿਸੇ ਵੀ ਦੁਨਿਆਵੀ ਪਿਤਾ ਵਾਂਗ ਆਪ ਜੀ ਦੇ ਪਿਤਾ ਜੀ ਨੇ ਵੀ ਪੂਰੀ ਕੋਸ਼ਿਸ਼ ਕੀਤੀ ਕਿ ਆਪ ਵਪਾਰ ਆਦਿ ਕਰ ਕੇ ਗ੍ਰਹਿਸਤੀ ਜੀਵਨ ਬਤੀਤ ਕਰਨ। ਆਪ ਨੇ ਕੱਪੜੇ ਛਾਪਣ ਦੀ ਕਿਰਤ ਕਰਦਿਆਂ ਪਰਿਵਾਰ ਦਾ ਪਾਲਣ-ਪੋਸ਼ਣ ਕੀਤਾ। ਆਪ ਵਿਸ਼ੋਭਾ ਖੇਤਰ ਨੂੰ ਗੁਰੂ ਧਾਰਨ ਕਰ ਕੇ ਕੱਪੜੇ ਰੰਗਣ ਦੇ ਨਾਲ-ਨਾਲ ਆਪਣੇ ਮਨ ਨੂੰ ਵੀ ਭਗਤੀ-ਭਾਵ ਨਾਲ ਰੰਗਦੇ ਰਹੇ।

ਭਗਤ ਨਾਮਦੇਵ ਜੀ ਮਹਾਰਸ਼ਟਰ ਤੋਂ ਆ ਕੇ ਸੰਗਤਾਂ ਨੂੰ ਨਾਮ-ਸਿਮਰਨ ਨਾਲ ਜੋੜਨ ਤੇ ਹੱਕ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹੋਏ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਨਗਰ ਘੁਮਾਣ (ਨਾਮਦੇਵ ਨਗਰ) ਵਿਖੇ ਆਏ ਤੇ ਇਥੇ ਲੰਬਾ ਸਮਾਂ ਰਹੇ। ਭਗਤ ਨਾਮਦੇਵ ਜੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲਗਪਗ 200 ਸਾਲ ਪਹਿਲਾਂ ਹੋਏ ਸਨ। ਉਸ ਸਮੇਂ ਸਮਾਜ 'ਚ ਜਾਤਾਂ-ਪਾਤਾਂ ਦਾ ਜ਼ੋਰ ਸੀ। ਉੱਚੀ ਜਾਤ ਵਾਲੇ ਕਥਿਤ ਨੀਵੀਂ ਜਾਤ ਦੇ ਲੋਕਾਂ ਦਾ ਤ੍ਰਿਸਕਾਰ ਕਰਦੇ ਸਨ। ਭਗਤ ਨਾਮਦੇਵ ਜੀ ਨੇ ਜਾਤ-ਪਾਤ, ਊਚ-ਨੀਚ ਤੇ ਵਹਿਮਾਂ-ਭਰਮਾਂ ਦਾ ਜ਼ੋਰਦਾਰ ਖੰਡਨ ਕੀਤਾ ਤੇ ਨਾਮ ਸਿਮਰਨ ਕਰਕੇ ਇਨਸਾਨ ਨੂੰ ਉੱਚੇ-ਸੁੱਚੇ ਗੁਣਾਂ ਦਾ ਧਾਰਨੀ ਹੋਣ ਦਾ ਸੰਦੇਸ਼ ਦਿੱਤਾ।

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਰਚਿਤ 61 ਸ਼ਬਦਾਂ ਨੂੰ 18 ਰਾਗਾਂ 'ਚ ਦਰਜ਼ ਕੀਤਾ। ਆਪ ਦੀ ਮਰਾਠੀ ਭਾਸ਼ਾ 'ਚ ਰਚੀ 'ਨਾਮਦੇਵ ਦੀ ਸਾਖੀ', 'ਸੋਰਠਿ ਰਾਗ ਦਾ ਪਦਾ' ਤੇ 'ਭਗਤ ਨਾਮਦੇਵ ਜੀ ਕਾ ਪਦਾ' ਨਾਮੀ ਤਿੰਨ ਰਚਨਾਵਾਂ ਬਾਰੇ ਜਾਣਕਾਰੀ ਮਿਲਦੀ ਹੈ। ਆਪ ਦੀ ਬਾਣੀ 'ਚ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਵਰਨਣ ਹੈ। ਆਪ ਸੰਸਾਰ ਨੂੰ ਪਰਮਾਤਮਾ ਦਾ ਲਗਾਇਆ ਬਾਗ਼ ਸਮਝਦੇ ਹਨ, ਜਿਸ ਦੀ ਦੇਖ-ਰੇਖ ਤੇ ਸੰਭਾਲ ਵੀ ਅਕਾਲ ਪੁਰਖ ਆਪ ਕਰ ਰਿਹਾ ਹੈ। ਧਨਾਸਰੀ ਰਾਗ 'ਚ ਆਪ ਫੁਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਸੰਸਾਰ ਇੰਜ ਸੀ ਜਿਵੇਂ ਕੰਵਲ ਦੇ ਫੁੱਲਾਂ ਦਾ ਖੇਤ। ਸਾਰੇ ਜੀਵ-ਜੰਤ ਕੰਵਲ ਫੁੱਲਾਂ ਦੇ ਉਸ ਖੇਤ ਦੇ ਹੰਸ ਹਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF Berber Installed
Textured Saxony Installed from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




# ਗਰਭ ਅਵਸਥਾ ਦੌਰਾਨ ਸ਼ੂਗਰ ਦੀ ਸਮੱਸਿਆ

ਗਰਭ ਅਵਸਥਾ 'ਚ ਔਰਤਾਂ 'ਚ ਸਰੀਰ 'ਚ ਕਈ ਬਦਲਾਅ ਆਉਂਦੇ ਹਨ ਜਿਨ੍ਹਾਂ ਕਾਰਨ ਕਈ ਵਾਰ ਕੁੱਝ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਨ੍ਹਾਂ 'ਚੋਂ ਇਕ ਗਰਭਕਾਲੀ ਸ਼ੂਗਰ ਦੀ ਸਮੱਸਿਆ ਵੀ ਹੈ। ਇਸ 'ਚ ਔਰਤਾਂ ਦੇ ਬਲੱਡ 'ਚ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ। ਪ੍ਰੈਗਨੈਂਸੀ 'ਚ ਇਹ ਸਮੱਸਿਆ ਉਨ੍ਹਾਂ ਔਰਤਾਂ 'ਚ ਵੱਧ ਹੁੰਦੀ ਹੈ ਜੋ ਡਾਇਬਟੀਜ਼ ਦਾ ਸ਼ਿਕਾਰ ਨਹੀਂ ਹਨ। ਹਾਲਾਂਕਿ ਅਇਜਹਾ ਲਗਭਗ 4 ਫ਼ੀਸਦੀ ਔਰਤਾਂ 'ਚ ਹੀ ਦਖਿਆ ਗਿਆ ਹੈ। ਆਮ ਤੌਰ 'ਤੇ ਇਸ ਸਮੱਸਿਆ ਦਾ ਹੱਲ ਗਰਭ ਅਵਸਥਾ ਤੋਂ ਬਾਅਦ ਦੇ ਪੜਾਵਾਂ 'ਚ ਕੀਤਾ ਜਾਂਦਾ ਹੈ। ਆਓ ਜਾਣਦੇ ਹਾਂ ਕਿ ਗਰਭ ਅਵਸਥਾ ਦੌਰਨ ਹੋਣ ਵਾਲੇ ਸ਼ੂਗਰ ਦੇ ਕਾਰਨ, ਲਛਣ ਅਤੇ ਹੱਲ ਦੇ ਸੁਝਾਅ—

### ਕਾਰਨ

ਡਾਇਬਟੀਜ਼ ਇਕ ਅਜਿਹੀ ਅਵਸਥਾ ਹੈ ਜਿਸ ਦੌਰਾਨ ਸਰੀਰ 'ਚ ਇੰਸੁਲਿਨ ਨਹੀਂ ਬਣ ਪਾਉਂਦਾ। ਇੰਸੁਲਿਨ ਇਕ ਹਾਰਮੋਨ ਹੈ ਜੋ ਭੋਜਨ ਅਤੇ ਗਲੂਕੋਜ਼ ਨੂੰ ਊਰਜਾ 'ਚ ਬਦਲਦਾ ਹੈ। ਪ੍ਰੈੱਗਨੈਂਸੀ ਦੌਰਾਨ ਸਰੀਰ 'ਚ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ। ਭਾਰ ਵੱਧਦਾ ਹੈ, ਜਿਸ ਤੋਂ ਬਲੱਡ ਸ਼ੂਗਰ ਦਾ ਅਨੁਪਾਤ ਵਿਗੜ ਜਾਂਦਾ ਹੈ। ਇਸ ਨੂੰ ਇੰਸੁਲਿਨ ਪ੍ਰਤੀਰੋਧਕ ਕਹਿੰਦੇ ਹਨ। ਇਸ ਕਾਰਨ ਸਰੀਰ ਨੂੰ ਇੰਸੁਲਿਨ ਦੀ ਵੱਧ ਲੋੜ ਪੈਂਦੀ ਹੈ। ਕੁਝ ਔਰਤਾਂ ਨੂੰ ਪ੍ਰੈੱਗਨੈਂਸੀ ਦੇ ਸ਼ੁਰੂ 'ਚ ਤਾਂ ਕੁਝ ਨੂੰ ਆਖਰੀ ਮਹੀਨਿਆਂ ਵੇਲੇ 'ਚ ਅਜਿਹਾ ਹੁੰਦਾ ਹੈ।

### ਲੱਛਣ

ਜੇਕਰ ਤੁਸੀਂ ਗਰਭਵਤੀ ਹੋ ਤਾਂ ਤੁਹਾਨੂੰ ਇਸ ਬਾਰੇ 'ਚ ਜਾਗਰੂਕ ਹੋਣਾ ਜ਼ਰੂਰੀ ਹੈ। ਇਸ ਦੌਰਾਨ ਸਰੀਰ 'ਚ ਹੋਣ ਵਾਲੇ ਬਦਲਾਅ 'ਤੇ ਨਜ਼ਰ ਰੱਖੋ। ਗਰਭ ਅਵਸਥਾ ਦੌਰਾਨ ਹੋਣ ਵਾਲੇ ਸ਼ੂਗਰ ਦੇ ਮੁੱਖ ਲੱਛਣ ਹਨ।

- ਜੀ ਮਚਲਾਉਣਾ
- ਜਲਦੀ ਥਕਾਵਟ ਮਹਿਸੂਸ ਕਰਨਾ
- ਵਾਰ ਵਾਰ ਪਿਸ਼ਾਬ ਆਉਣਾ
- ਜ਼ਿਆਦਾ ਪਿਆਸ ਲੱਗਣਾ
- ਸਿਕਨ 'ਚ ਲਗਾਤਾਰ ਇਨਫੈਕਸ਼ਨ

### ਕਿਵੇਂ ਹੁੰਦੀ ਹੈ ਜਾਂਚ

ਪ੍ਰੈੱਗਨੈਂਸੀ ਦੌਰਾਨ ਹੋਣ ਵਾਲੇ ਸ਼ੂਗਰ ਦੀ ਜਾਂਚ ਓਰਲ ਗਲੂਕੋਜ਼ ਟੈਸਟ ਨਾਲ ਕੀਤੀ ਜਾਂਦੀ ਹੈ। ਟੈਸਟ ਤੋਂ 10 ਘੰਟੇ ਪਹਿਲਾਂ ਕੁੱਝ ਨਹੀਂ ਖਾਣਾ ਹੁੰਦਾ। ਟੈਸਟ ਲਈ ਔਰਤ ਨੂੰ ਇਕ ਲਿਟਰ ਪਾਣੀ 'ਚ 75 ਗ੍ਰਾਮ ਖੰਡ ਮਿਲਾ ਕੇ ਪਿਲਾਈ ਜਾਂਦੀ ਹੈ।



ਫਿਰ ਵੱਖ-ਵੱਖ ਸਮੇਂ ਵਿਚ ਖੂਨ ਦਾ ਨਮੂਨਾ ਲੈ ਕੇ ਜਾਂਚਕੀਤੀ ਜਾਂਦੀ ਹੈ। ਇਸ 'ਚ ਇਹ ਦੇਖਿਆ ਜਾਂਦਾ ਹੈ ਕਿ ਸਰੀਰ ਦੀਆਂ ਕੋਸ਼ਿਕਾਵਾਂ ਗਲੂਕੋਜ਼ ਨੂੰ ਅਵਸ਼ੋਸ਼ਿਤ ਕਰਨ ਦੇ ਕਿੰਨੀਆਂ ਸਮਰੱਥ ਹਨ। ਡਾਕਟਰ ਗਰਭ ਦੇ 24ਵੇਂ ਜਾਂ 28ਵੇਂ ਹਫ਼ਤੇ ਇਸ ਦੀ ਜਾਂਚ ਸਲਾਹ ਦਿੰਦੇ ਹਨ।

### ਇਨ੍ਹਾਂ ਔਰਤਾਂ ਨੂੰ ਜੋਖ਼ਿਮ ਜ਼ਿਆਦਾ

ਉਂਝ ਤਾਂ ਕਿਸੇ ਵੀ ਔਰਤ ਨੂੰ ਪ੍ਰੈੱਗਨੈਂਸੀ ਦੌਰਾਨ ਸ਼ੂਗਰ ਹੋ ਸਕਦਾ ਹੈ ਪਰ ਕੁਝ ਸਥਿਤੀਆਂ 'ਚ ਜੋਖ਼ਿਮ ਵੱਧ ਜਾਂਦਾ ਹੈ। ਜੇਕਰ ਗਰਭ ਅਵਸਥਾ ਦੌਰਾਨ ਔਰਤਾਂ ਦੀ ਉਮਰ 25 ਸਾਲ ਤੋਂ ਜ਼ਿਆਦਾ ਹੈ ਪਰਿਵਾਰ 'ਚ ਪਹਿਲਾਂ ਤੋਂ ਕਿਸੇ ਨੂੰ ਡਾਇਬਟੀਜ਼ ਹੋਵੇ, ਔਰਤ ਨੂੰ ਪਹਿਲੇ ਤੋਂ ਸ਼ੂਗਰ ਹੋਣ ਜਾਂ ਗਰਭਵਤੀ ਦਾ ਭਾਰ ਆਮ ਤੋਂ ਜ਼ਿਆਦਾ ਹੋਵੇ ਤਾਂ ਉਸ ਨੂੰ ਪ੍ਰੈੱਗਨੈਂਸੀ ਦੌਰਾਨ ਸ਼ੂਗਰ ਦਾ ਖਤਰਾ ਵੱਧ ਜਾਂਦਾ ਹੈ।

### ਕੀ ਹੈ ਇਲਾਜ

ਟੈਗੋਰ ਹਸਪਤਾਲ ਸ਼ਾਹਕੋਟ ਦੀ ਡਾਕਟਰ ਅੰਜੂਲਾ ਵਰਮਾ ਦਾ ਮੰਨਣਾ ਹੈ ਕਿ ਜੇਕਰ ਕਿਸੇ ਔਰਤ ਨੂੰ ਪ੍ਰੈੱਗਨੈਂਸੀ ਦੌਰਾਨ ਸ਼ੂਗਰ ਦੇ ਲੱਛਣ ਹਨ ਤਾਂ ਸਮੇਂ ਸਿਰ ਇਸ ਦਾ ਇਲਾਜ ਕਰਨਾ ਜ਼ਰੂਰੀ ਹੈ। ਦੇਰੀ ਹੋਣ 'ਤੇ ਬੱਚੇ 'ਤੇ ਇਸ ਦਾ ਪ੍ਰਭਾਵ ਪੈ ਸਕਦਾ ਹੈ। ਇਸ ਤੋਂ ਛੁਟਕਾਰਾ ਲਈ ਸਿਹਤਮੰਦ ਜੀਵਨਸ਼ੈਲੀ ਜ਼ਰੂਰੀ ਹੈ, ਜਿਵੇਂ ਜਿਵੇਂ ਗਰਭ ਅਵਸਥਾ ਵਧੇਗੀ, ਸਰੀਰ ਨੂੰ ਇੰਸੁਲਿਨ ਦੀ ਲੋੜ ਹੋਵੇਗੀ। ਇਸ ਲਈ ਡਾਕਟਰ ਇੰਸੁਲਿਨ ਦੇ ਇੰਜੈਕਸ਼ਨ ਦੇਸਕਦ 'ਹਨ, ਕਿਉਂਕਿ ਇਸ ਦੌਰਾਨ ਡਾਇਬਿਟੀਜ਼ ਦੀਆਂ ਆਮ ਦਵਾਈਆਂ ਸੁਰੱਖਿਅਤ ਨਹੀਂ ਹਨ।








Gold Key
INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY | 5-8430 128TH ST. | MON-FRI | 8 AM - 8 PM |
| (604) 502 - 0441 | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| VANCOUVER | 4038 KNIGHT ST. | MON-FRI | 9 AM - 8 PM |
| (604) 325 - 1241 | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

OPEN 7 DAYS

ICBC autoplan www.goldkeyinsurance.ca

fruiticana

# Diwali FREE GIVEAWAY 2021

Oct 4th to Nov 1st

fruiticana hee jaana!

ITEMS MAY NOT BE THE SAME

WINNER EVERY DAY

ENTER TO WIN FREE PRIZES EVERYDAY

PLEASE GET YOUR COUPON FROM THE CASHIER

HOME APPLIANCES

Sponsored by

Teja

BRAR'S SAMOSAS

BRAR'S DAIRY

SHER

## KELOWNA STORE OPENING SOON !

## DIWALI SALE

Green, Red, Yellow & Orange Bell Peppers
ਸ਼ਿਮਲਾ ਮਿਰਚਾਂ
(ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
98¢ lb

Cilantro
ਧਨੀਆ
2 bunches for 99¢

Red Seedless Grapes
ਲਾਲ ਅੰਗੂਰ
(ਬਿਨਾਂ ਬੀਜ ਤੋਂ)
$1.98 lb

Opo Squash
ਓਪੋ ਕੱਦੂ
79¢ lb

Fresh Ginger
ਤਾਜਾ ਅਦਰਕ
$1.49 lb

English Cucumber
ਇੰਗਲਿਸ਼ ਖੀਰੇ
98¢ ea.

Nanak Rasmalai (3 Flavours) 850 g
ਨਾਨਕ ਰਸਮਲਾਈ
ਵੱਖ-ਵੱਖ ਫਲੇਵਰ
$6.98 pkg.

Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$10.99 bag

Extra Super Super Special
Sher Besan (Chana Flour) 4 lbs
ਸ਼ੇਰ ਵੇਸਣ
$3.98 bag

Extra Super Super Special
Nanak Paneer 341 g
ਨਾਨਕ ਪਨੀਰ
$3.98 pkg.

Super Special
Mustard Oil (Indican) 1 L
ਇੰਡੀਕੇਨ ਸਰ੍ਹੋਂ ਦਾ ਤੇਲ
$6.99 bottle

Super Special
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag

Super Special
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.99 bag

Super Special
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$3.99 pkg.

Super Special
Yellow Onions 50 lbs
ਪੀਲੇ ਗੰਢੇ
$10.98 bag

Super Special
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb

Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag

BC Gala & Ambrosia Apples
ਬੀਸੀ ਗਾਲਾ ਅਤੇ ਅੰਬਰੋਸਿਯਾ ਸੇਬ
78¢ lb

Red Delicious Apples BC
ਲਾਲ ਸਵਾਦ ਸੇਬ ਬੀਸੀ
59¢ lb

Sunbec Table Salt 1 kg
ਸਨਬਿੱਕ ਲੂਣ
98¢ ea.

Small Plain Diwas
ਮਿੱਟੀ ਦੇ ਦੀਵੇ
10 for 99¢

Butter Delight Cookies 75 g
ਬਟਰ ਕੁਕੀਜ਼ 75 ਗ੍ਰਾਮ
2 for 99¢

Butter Delight Cookies 600 g
ਬਟਰ ਕੁਕੀਜ਼ 600 ਗ੍ਰਾਮ
$2.99 pkg.

Marie Cookies (Parliament) 250 g
ਪਾਰਲੀਮੈਂਟ ਮੈਰੀ ਕੁਕੀਜ਼ 250 ਗ੍ਰਾਮ
99¢ pkg.

Marie Cookies 83.9 g
ਮੈਰੀ ਕੁਕੀਜ਼ 83.9 ਗ੍ਰਾਮ
2 for 99¢

Cashew Crunch Cookies (Parliament) 600 g
ਕਾਜੂ ਕਰੰਚ ਕੁਕੀਜ਼
$2.99 pkg.

Pesi Gur Plain
ਪੇਸ਼ੀ ਗੁੜ
$2.49 lb

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag

Product images may differ from the actual product.

**Fri Oct 22, 2021 - Wed Oct 27, 2021**
We reserve the right to limit the quantities while they last

NEW LOCATION NOW OPEN
101-331 6TH STREET
NEW WESTMINSTER, BC
TEL: 604-395-3595

Head Office: 7676 Anvil Way, Surrey
604-502-0005
www.fruiticana.com
Store hours change from Monday Oct 25: 9 AM to 8 PM

BUSINESS HOURS
9 AM - 9 PM
7 DAYS A WEEK

| | | | | | | | |
|---|---|---|---|---|---|---|---|
| Newton | 13783 72nd Ave. Surrey | 604-590-2080 | Fleetwood | 101-15933 Fraser Hwy | 604-593-5163 | Abbotsford | 2785 Bourquin Crescent W. | 604-744-0328 |
| Newton | 13174 64th Ave. Surrey | 604-598-9220 | Surrey | 12990 72nd Ave. | 604-503-5510 | Abbotsford | 31205 Maclure Rd. | 604-504-5877 |
| Scott Road | 12047 80th Ave. Surrey | 604-591-5032 | Surrey | 12788 76A Ave. Surrey | 604-597-1676 | Port Coquitlam | 2807 Shaughnessy St. | 604-464-0822 |
| Scott Road | 104-7028 120th St. | 604-590-8864 | Surrey | 16788 64 Ave. | 604-372-2023 | Vancouver | 6257 Fraser St. | 604-321-9931 |
| Cedar Hills | 12867 96th Ave. Surrey | 604-588-6620 | Surrey | 101-7228 192St. | 604-575-3750 | Richmond | 4101 No.5 Rd. | 604-244-9520 |